# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 167 | Tuesday, September 01, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਭੰਨ੍ਹ-ਤੋੜ ਕਰਕੇ ਇਨਸਾਫ ਹਾਸਲ ਨਹੀਂ ਕੀਤਾ ਜਾ ਸਕਦਾ : ਟਰੂਡੋ







ਮਾਂਟਰੀਅਲ, 31 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਆਖਿਆ ਕਿ ਮਾਂਟਰੀਅਲ ਵਿੱਚ ਸਥਿਤ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਬੁੱਤ ਨਾਲ ਭੰਨ੍ਹ ਤੋੜ ਕਰਨ ਵਾਲੇ ਲੋਕਾਂ ਕਾਰਨ ਕਾਫੀ ਨਿਰਾਸ਼ ਹਨ। ਇਸ ਦੌਰਾਨ ਕਿਊਬਿਕ ਦੇ ਪ੍ਰੀਮੀਅਰ ਵੱਲੋਂ ਇਸ ਬੁੱਤ ਨੂੰ ਠੀਕ ਕਰਵਾਉਣ ਦਾ ਵਾਅਦਾ ਵੀ ਕੀਤਾ ਗਿਆ ਹੈ।

ਮਾਂਟਰੀਅਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਉਹ ਨਸਲਵਾਦ ਤੇ ਪੱਖਪਾਤ ਖਿਲਾਫ ਆਵਾਜ਼ ਉਠਾਉਣ ਵਾਲੇ ਕੈਨੇਡੀਅਨਾਂ ਦੇ ਟੁੱਟ ਚੁੱਕੇ ਸਬਰ ਨੂੰ ਸਮਝ ਸਕਦੇ ਹਨ ਪਰ ਆਪਣੇ ਵਿਚਾਰ ਪ੍ਰਕਟ ਕਰਨ ਲਈ ਇਸ ਤਰ੍ਹਾਂ ਦੀ ਬਰਬਰਤਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਅਸੀਂ ਕਾਨੂੰਨ ਦੀ ਪਾਲਣਾ ਕਰਨ ਵਾਲੇ ਲੋਕ ਹਾਂ ਤੇ ਜੇ ਸਾਨੂੰ ਕਿਸੇ ਤਰ੍ਹਾਂ ਦੇ ਸੁਧਾਰ ਤੇ ਤਬਦੀਲੀ ਲਈ ਆਵਾਜ਼ ਉਠਾਉਣੀ ਵੀ ਪਵੇ ਤਾਂ ਸਾਨੂੰ ਇਨ੍ਹਾਂ ਨਿਯਮਾਂ ਦਾ ਸਤਿਕਾਰ ਕਰਦਿਆਂ ਹੋਇਆਂ ਹੀ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਸ ਤਰ੍ਹਾਂ ਗੁੱਸੇ ਵਿੱਚ ਆ ਕੇ ਭੰਨ੍ਹ ਤੋੜ ਕਰਨ ਨਾਲ ਨਾ ਤਾਂ ਇਸ ਦੇਸ਼ ਵਿੱਚ ਇਨਸਾਫ ਲਿਆਂਦਾ ਜਾ ਸਕਦਾ ਹੈ ਤੇ ਨਾ ਹੀ ਸਮਾਨਤਾ ਹੀ ਲਿਆਂਦੀ ਜਾ ਸਕਦੀ ਹੈ।

ਮਾਂਟਰੀਅਲ ਪੁਲਿਸ ਨੇ ਦੱਸਿਆ ਕਿ ਤੈਸ਼ ਵਿੱਚ ਆਏ ਲੋਕਾਂ ਨੇ ਜੌਹਨ ਏ.ਮੈਕਡੌਨਲਡ ਦੇ ਬੁੱਤ ਦੇ ਗਲ ਵਿੱਚ ਰੱਸਾ ਪਾਇਆ ਤੇ ਉਸ ਨੂੰ ਜ਼ਮੀਨ ਉੱਤੇ ਸੁੱਟ ਦਿੱਤਾ। ਇਸ ਨਾਲ ਬੁੱਤ ਦਾ ਸਿਰ ਵੀ ਧੜ ਨਾਲੋਂ ਅੱਡ ਹੋ ਗਿਆ। ਫਿਰ ਮੁਜ਼ਾਹਰਾਕਾਰੀਆਂ ਨੇ ਬੁੱਤ ਉੱਤੇ ਗ੍ਰੈਫਿਟੀ ਕਰ ਦਿੱਤੀ। ਮੁਜ਼ਾਹਰਾਕਾਰੀ ਪੁਲਿਸ ਬਜਟ ਵਿੱਚ ਕਟੌਤੀ ਦੀ ਮੰਗ ਕਰ ਰਹੇ ਸਨ।

## ਯੌਰਕਡੇਲ ਦੇ ਜੋਈ ਰੈਸਟੋਰੈਂਟ ਦਾ ਮੁਲਾਜ਼ਮ ਪਾਇਆ ਗਿਆ ਕੋਵਿਡ-19 ਪਾਜ਼ੀਟਿਵ




ਯੌਰਕਡੇਲ, 31 ਅਗਸਤ (ਪੋਸਟ ਬਿਊਰੋ) : ਜੋਈ ਯੌਰਕਡੇਲ ਰੈਸਟੋਰੈਂਟ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਦਾ ਇੱਕ ਕਰਮਚਾਰੀ ਕੋਵਿਡ-19 ਪਾਜ਼ੀਟਿਵ ਪਾਇਆ ਗਿਆ ਹੈ।

ਜੋਈ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪਾਜ਼ੀਟਿਵ ਕੇਸ ਸਾਈਟ ਉੱਤੇ ਨਹੀਂ ਪਾਇਆ ਗਿਆ। ਰੈਸਟੋਰੈਂਟ ਦੇ ਬੁਲਾਰੇ ਨੇ ਦੱਸਿਆ ਕਿ ਇਹ ਇੱਕ ਆਈਸੋਲੇਟਿਡ ਕੇਸ ਹੈ ਜਿੱਥੇ ਸਾਡਾ ਮੁਲਾਜ਼ਮ ਰੈਸਟੋਰੈਂਟ ਤੋਂ ਦੂਰ ਰਹਿੰਦਿਆਂ ਹੀ ਕੋਵਿਡ-19 ਦੀ ਚਪੇਟ ਵਿੱਚ ਆਇਆ। ਬੁਲਾਰੇ ਨੇ ਇਹ ਵੀ ਆਖਿਆ ਕਿ ਸਾਡੇ ਰੈਸਟੋਰੈਂਟ ਵਿੱਚ ਉੱਚ ਪੱਧਰੀ ਸੇਫਟੀ ਪ੍ਰੋਟੋਕਾਲਜ਼ ਕਾਰਨ ਕੋਈ ਹੋਰ ਵਿਅਕਤੀ ਸੰਕ੍ਰਮਿਤ ਵਿਅਕਤੀ ਦੇ ਸੰਪਰਕ ਵਿੱਚ ਨਹੀਂ ਆਇਆ। ਇਹ ਵਿਅਕਤੀ ਆਖਰੀ ਵਾਰੀ 27 ਅਗਸਤ, 2020 ਨੂੰ ਯੌਰਕਡੇਲ ਸ਼ਾਪਿੰਗ ਸੈਂਟਰ ਆਇਆ ਸੀ। ਬੁਲਾਰੇ ਨੇ ਆਖਿਆ ਕਿ ਰੈਸਟੋਰੈਂਟ ਨੂੰ ਸ਼ਨਿੱਚਰਵਾਰ ਨੂੰ 24 ਘੰਟੇ ਦੇ ਅਰਸੇ ਲਈ ਬੰਦ ਰੱਖਿਆ ਗਿਆ ਪਰ ਉਸ ਤੋਂ ਬਾਅਦ ਤੋਂ ਇਹ ਮੁੜ ਖੋਲ੍ਹਿਆ ਜਾ ਚੁੱਕਿਆ ਹੈ।

ਇਸ ਦੌਰਾਨ ਯੌਰਕਡੇਲ ਦੇ ਫੁੱਟ ਲਾਕਰ ਸਟੋਰ ਨੂੰ ਇੱਕ ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਚੁੱਕਿਆ ਹੈ। ਸਟੋਰ ਨੇ ਵੀ ਇੱਕ ਈਮੇਲ ਵਿੱਚ ਆਖਿਆ ਕਿ ਅਸੀਂ ਆਪਣੇ ਟੀਮ ਮੈਂਬਰਜ਼ ਦੀ ਹਿਫਾਜ਼ਤ ਲਈ ਲੋਕਲ, ਸਰਕਾਰੀ ਤੇ ਹੈਲਥ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਕਿ ਅਸੀਂ ਸੁਰੱਖਿਅਤ ਢੰਗ ਨਾਲ ਮੁੜ ਕੰਮਕਾਜ ਸ਼ੁਰੂ ਕਰ ਸਕੀਏ ਤੇ ਆਪਣੇ ਟੀਮ ਮੈਂਬਰਾਂ ਨੂੰ ਵਾਪਿਸ ਕੰਮ 'ਤੇ ਲਿਆ ਸਕੀਏ।

## ਫੈਡਰਲ ਸਰਕਾਰ ਨੇ ਕੋਵਿਡ-19 ਵੈਕਸੀਨ ਲਈ ਨੋਵਾਵੈਕਸ ਨਾਲ ਸਾਈਨ ਕੀਤੀ ਡੀਲ



ਓਟਵਾ, 31 ਅਗਸਤ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਇੱਕ ਅਜਿਹੇ ਸਮਝੌਤੇ ਉੱਤੇ ਸਾਈਨ ਕੀਤੇ ਗਏ ਹਨ ਜਿਸ ਤਹਿਤ ਅਮਰੀਕੀ ਕੰਪਨੀ ਵੱਲੋਂ ਤਿਆਰ ਕੀਤੀ ਜਾਣ ਵਾਲੀ ਕੋਵਿਡ-19 ਵੈਕਸੀਨ ਦੀਆਂ 76 ਮਿਲੀਅਨ ਡੋਜ਼ਿਜ਼ ਕੈਨੇਡਾ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ।

ਮੈਰੀਲੈਂਡ ਸਥਿਤ ਬਾਇਓਟੈਕਨੌਲੋਜੀ ਕੰਪਨੀ ਨੋਵਾਵੈਕਸ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ ਕਿ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਵੱਲੋਂ ਤਿਆਰ ਕੀਤੀ ਜਾ ਰਹੀ ਵੈਕਸੀਨ ਕੈਨੇਡਾ ਨੂੰ ਮੁਹੱਈਆ ਕਰਵਾਈ ਜਾਵੇਗੀ। ਕੰਪਨੀ ਵੀ ਦੁਨੀਆਂ ਭਰ ਵਿੱਚ ਹੋਰਨਾਂ ਦਰਜਨਾਂ ਕੰਪਨੀਆਂ ਵਾਂਗ ਵੈਕਸੀਨ ਬਣਾਉਣ ਵਿੱਚ ਰੁੱਝੀ ਹੋਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪੂਰੀ ਦੁਨੀਆਂ ਵਿੱਚ ਸ਼ੁਰੂ ਹੋਈ ਇਸ ਮਹਾਂਮਾਰੀ ਕਾਰਨ 846,000 ਲੋਕ ਮਾਰੇ ਜਾ ਚੁੱਕੇ ਹਨ।

ਨੋਵਾਵੈਕਸ ਵੈਕਸੀਨ ਨੂੰ ਪ੍ਰੋਟੀਨ ਸਬਯੂਨਿਟ ਵੈਕਸੀਨ ਵਜੋਂ ਜਾਣਿਆ ਜਾਂਦਾ ਹੈ, ਜੋ ਕਿ ਹੋਰਨਾਂ ਕਿਸਮ ਦੀਆਂ ਵੈਕਸੀਨ ਨਾਲੋਂ ਜਲਦੀ ਤਿਆਰ ਹੁੰਦੀ ਹੈ ਪਰ ਇਹ ਆਮ ਤੌਰ ਉੱਤੇ ਇਮਿਊਨਿਟੀ ਨੂੰ ਓਨਾ ਸਟਰੌਂਗ ਨਹੀਂ ਕਰਦੀ ਜਿੰਨੀਆਂ ਕਿ ਹੋਰ ਦਵਾਈਆਂ ਤੋਂ ਉਮੀਦ ਕੀਤੀ ਜਾ ਰਹੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਕੀਤੇ ਗਏ ਕਲੀਨਿਕਲ ਟ੍ਰਾਇਲ ਵਿੱਚ ਕੰਪਨੀ ਨੂੰ ਕਾਫੀ ਵਧੀਆ ਨਤੀਜੇ ਵੇਖਣ ਨੂੰ ਮਿਲੇ। ਇਸ ਦੇ ਟ੍ਰਾਇਲ ਵਿੱਚ ਪਾਇਆ ਗਿਆ ਕਿ ਸਿਹਤਮੰਦ ਵਾਲੰਟੀਅਰਜ਼ ਨੂੰ ਇਸ ਵੈਕਸੀਨ ਦੀਆਂ ਦਿੱਤੀਆਂ ਗਈਆਂ ਦੋ ਡੋਜ਼ਿਜ਼ ਤੋਂ ਬਾਅਦ ਹੀ ਕਾਫੀ ਐਂਟੀਬੌਡੀਜ਼ ਬਣ ਗਈਆਂ ਜੋ ਕਿ ਕੋਵਿਡ-19 ਤੋਂ ਸਿਹਤਯਾਬ ਹੋਏ 19 ਮਰੀਜ਼ਾਂ ਤੋਂ ਕਿਤੇ ਜ਼ਿਆਦਾ ਸਨ।

ਕੰਪਨੀ ਦਾ ਕਹਿਣਾ ਹੈ ਕਿ ਜੇ ਇਹ ਵੈਕਸੀਨ ਸੇਫ ਰਹੀ ਤੇ ਕਾਰਗਰ ਸਿੱਧ ਹੋਈ ਤਾਂ ਇਹ ਕੈਨੇਡੀਅਨਾਂ ਨੂੰ ਸਾਲ 2021 ਦੀ ਦੂਜੀ ਤਿਮਾਹੀ ਤੱਕ ਉਪਲਬਧ ਹੋ ਜਾਵੇਗੀ। ਇਸ ਤੋਂ ਪਹਿਲਾਂ ਫੈਡਰਲ ਸਰਕਾਰ ਫਾਈਜ਼ਰ, ਮੌਡਰਨਾ ਤੇ ਜੌਹਨਸਨ ਐਂਡ ਜੌਹਨਸਨ ਨਾਲ ਵੀ ਕੋਵਿਡ-19 ਵੈਕਸੀਨ ਸਬੰਧੀ ਡੀਲ ਕਰ ਚੁੱਕੀ ਹੈ।

## ਟੀਚਰਜ਼ ਯੂਨੀਅਨਾਂ ਲੇਬਰ ਬੋਰਡ ਕੋਲ ਸ਼ਿਕਾਇਤ ਦਰਜ ਕਰਵਾਉਣ ਲਈ ਤਿਆਰ



ਟੋਰਾਂਟੋ, 31 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੀਆਂ ਚਾਰ ਵੱਡੀਆਂ ਟੀਚਰਜ਼ ਯੂਨੀਅਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਫੋਰਡ ਸਰਕਾਰ ਦੇ ਸਕੂਲਾਂ ਨੂੰ ਮੁੜ ਖੋਲ੍ਹੇ ਜਾਣ ਦੀ ਯੋਜਨਾ ਖਿਲਾਫ ਪ੍ਰੋਵਿੰਸ ਦੇ ਲੇਬਰ ਬੋਰਡ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇਗੀ। ਯੂਨੀਅਨਾਂ ਦਾ ਕਹਿਣਾ ਹੈ ਕਿ ਸਰਕਾਰ ਦੇ ਮੁੜ ਸਕੂਲਾਂ ਨੂੰ ਖੋਲ੍ਹਣ ਦੀ ਯੋਜਨਾ ਨਾਲ ਵਰਕਪਲੇਸ ਸੇਫਟੀ ਲਾਅਜ਼ ਦੀ ਉਲੰਘਣਾਂ ਹੋਵੇਗੀ।

190 ਅਧਿਆਪਕਾਂ ਤੇ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਇਨ੍ਹਾਂ ਯੂਨੀਅਨਾਂ ਦਾ ਕਹਿਣਾ ਹੈ ਕਿ ਓਨਟਾਰੀਓ ਸਰਕਾਰ ਪਿਛਲੇ ਹਫਤੇ ਹੋਈ ਮੀਟਿੰਗ ਵਿੱਚ ਉਨ੍ਹਾਂ ਦੀਆਂ ਚਿੰਤਾਵਾਂ ਦਾ ਕੋਈ ਠੋਸ ਹੱਲ ਕੱਢਣ ਵਿੱਚ ਅਸਫਲ ਰਹੀ। ਉਨ੍ਹਾਂ ਵੱਲੋਂ ਲੇਬਰ ਮੰਤਰਾਲੇ ਤੋਂ ਇਹ ਮੰਗ ਕੀਤੀ ਗਈ ਸੀ ਕਿ ਸਕੂਲਾਂ ਵਿੱਚ ਸੇਫਟੀ ਮਾਪਦੰਡ ਕਾਇਮ ਕਰਨ ਲਈ ਵਰਕਪਲੇਸ ਆਰਡਰਜ਼ ਜਾਰੀ ਕੀਤੇ ਜਾਣ।

ਇਨ੍ਹਾਂ ਮਾਪਦੰਡਾਂ ਵਿੱਚ ਕਲਾਸਾਂ ਦਾ ਆਕਾਰ, 50 ਵਿਦਿਆਰਥੀਆਂ ਦੇ ਗਰੁੱਪ ਬਣਾਉਣ ਤੇ ਬੱਸਾਂ ਵਿੱਚ ਕੋਵਿਡ-19 ਸਬੰਧੀ ਅਹਿਤਿਆਤੀ ਇੰਤਜ਼ਾਮ ਕਰਨੇ ਸ਼ਾਮਲ ਸਨ। ਯੂਨੀਅਨਾਂ ਦਾ ਕਹਿਣਾ ਹੈ ਕਿ ਵੈਂਟੀਲੇਸ਼ਨ ਦਾ ਪ੍ਰਬੰਧ ਕੀਤਾ ਜਾਣਾ ਵੀ ਜ਼ਰੂਰੀ ਹੈ। ਸਰਕਾਰ ਵੱਲੋਂ ਇਸ ਸਬੰਧ ਵਿੱਚ ਕੋਈ ਟਿੱਪਣੀ ਹਾਲ ਦੀ ਘੜੀ ਨਹੀਂ ਕੀਤੀ ਗਈ ਹੈ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਬਰੈਂਪਟਨ ਦੇ ਕਬਰਸਤਾਨ ਵਿੱਚ ਚੱਲੀਆਂ ਗੋਲੀਆਂ, 3 ਜ਼ਖ਼ਮੀ




ਬਰੈਂਪਟਨ, 31 ਅਗਸਤ (ਪੋਸਟ ਬਿਊਰੋ) : ਬਰੈਂਪਟਨ ਦੇ ਕਬਰਸਤਾਨ ਵਿਚ ਉਸ ਸਮੇਂ ਅਜੀਬ ਜਿਹਾ ਮਾਹੌਲ ਬਣ ਗਿਆ ਜਦੋਂ ਸੋਮਵਾਰ ਦੁਪਹਿਰ ਨੂੰ ਕੁੱਝ ਵਿਅਕਤੀਆਂ ਨੇ ਆਪਣੀਆਂ ਗੰਨਜ਼ ਕੱਢ ਲਈਆਂ ਅਤੇ ਇੱਕ ਦੂਜੇ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਜਾਣਕਾਰੀ ਪੀਲ ਪੁਲਿਸ ਨੇ ਦਿੱਤੀ।
ਸੱਤ ਵਿਅਕਤੀਆਂ ਦੀ ਸ਼ਮੂਲੀਅਤ ਵਾਲੇ ਸ਼ੂਟਆਊਟ ਦੀਆਂ ਰਿਪੋਰਟਾਂ ਮਿਲਣ ਉੱਤੇ ਦੁਪਹਿਰੇ 3:45 ਉੱਤੇ ਬੋਵੇਅਰਡ ਡਰਾਈਵ ਵੈਸਟ ਤੇ ਚਿੰਕੁਆਕਸੀ ਰੋਡ ਏਰੀਆ ਵਿਚ ਪੁਲਿਸ ਨੂੰ ਇਸ ਕਬਰਸਤਾਨ ਉੱਤੇ ਸੱਦਿਆ ਗਿਆ। ਇਸ ਸ਼ੂਟਆਊਟ ਦਾ ਸ਼ਿਕਾਰ ਹੋਇਆ ਇੱਕ ਵਿਅਕਤੀ ਕਬਰਸਤਾਨ ਤੋਂ ਥੋੜ੍ਹੀ ਦੂਰੀ ਉੱਤੇ ਮਿਲਿਆ। ਉਸ ਨੂੰ ਨਾਜ਼ੁਕ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।
ਇੱਕ ਹੋਰ ਵਿਅਕਤੀ ਨੂੰ ਇਸ ਦੌਰਾਨ ਗੋਲੀ ਲੱਗੀ ਤੇ ਉਹ ਹੁਰੋਨਤਾਰੀਓ ਤੇ ਸਟੀਲਜ਼ ਨੇੜੇ ਇੱਕ ਫਾਇਰ ਸਟੇਸ਼ਨ ਉੱਤੇ ਪਹੁੰਚ ਗਿਆ। ਇਹ ਮੰਨਿਆ ਜਾ ਰਿਹਾ ਹੈ ਕਿ ਉਸ ਨੂੰ ਸਟੇਸ਼ਨ ਛੱਡਿਆ ਗਿਆ। ਉਸ ਦੀ ਵੀ ਹਾਲਤ ਨਾਜ਼ੁਕ ਹੈ ਤੇ ਉਹ ਵੀ ਜ਼ਿੰਦਗੀ ਤੇ ਮੌਤ ਨਾਲ ਜੂਝ ਰਿਹਾ ਦੱਸਿਆ ਜਾਂਦਾ ਹੈ। ਫਿਰ ਪੁਲਿਸ ਨੂੰ ਤੀਜੇ ਵਿਅਕਤੀ ਬਾਰੇ ਜਾਣਕਾਰੀ ਮਿਲੀ। ਜਿਹੜਾ ਗੋਲੀ ਲੱਗਣ ਤੋਂ ਬਾਅਦ ਬਰੈਂਪਟਨ ਦੇ ਹਸਪਤਾਲ ਪਹੁੰਚ ਗਿਆ। ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।
ਜਾਂਚਕਾਰ ਤਿੰਨਾਂ ਵਿਅਕਤੀਆਂ ਨੂੰ ਕਬਰਸਤਾਨ ਵਾਲੀ ਸ਼ੂਟਿੰਗ ਨਾਲ ਹੀ ਜੋੜ ਰਹੇ ਹਨ। ਪੁਲਿਸ ਦੋ ਸ਼ੱਕੀ ਗੱਡੀਆਂ ਦੀ ਵੀ ਭਾਲ ਕਰ ਰਹੀ ਹੈ ਜਿਨ੍ਹਾਂ ਵਿੱਚੋਂ ਇੱਕ ਮਰਸਡੀਜ਼ ਹੈ ਤੇ ਦੂਜੀ ਹਲਕੇ ਰੰਗ ਦੀ ਹੌਂਡਾ ਦੱਸੀ ਜਾਂਦੀ ਹੈ।

# ਫਰੰਟ ਲਾਈਨ ਪੁਲਿਸ ਅਧਿਕਾਰੀਆਂ ਦੀ ਇੱਕ ਟੁਕੜੀ ਨੇ ਬਾਡੀ ਕੈਮਰਿਆਂ ਦੀ ਵਰਤੋਂ ਕੀਤੀ ਸ਼ੁਰੂ




ਟੋਰਾਂਟੋ, 31 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕੁੱਝ ਅਧਿਕਾਰੀਆਂ ਵੱਲੋਂ ਬਾਡੀ ਕੈਮਰਿਆਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਗਈ ਹੈ। ਪਰ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਸਾਰੀ ਪੁਲਿਸ ਫੋਰਸ ਵੱਲੋਂ ਅਜਿਹਾ ਅਗਲੇ ਸਾਲ ਤੋਂ ਪਹਿਲਾਂ ਸ਼ੁਰੂ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ।
ਡਿਪਟੀ ਚੀਫ ਸ਼ਾਅਨਾ ਕੌਕਸੌਨ ਦਾ ਕਹਿਣਾ ਹੈ ਕਿ ਸਿਟੀ ਦੇ ਨੌਰਥਵੈਸਟ ਕੌਰਨਰ ਵਿੱਚ ਫਰੰਟ ਲਾਈਨ ਪੁਲਿਸ ਅਧਿਕਾਰੀਆਂ ਦੀ ਇੱਕ ਟੁਕੜੀ ਵੱਲੋਂ ਪਿਛਲੇ ਹਫਤੇ ਤੋਂ ਬਾਡੀ ਕੈਮਰੇ ਪਾਉਣੇ ਸ਼ੁਰੂ ਕੀਤੇ ਗਏ ਸਨ। ਉਨ੍ਹਾਂ ਆਖਿਆ ਕਿ ਇਸ ਪ੍ਰਤੀ ਪੁਲਿਸ ਅਧਿਕਾਰੀਆਂ ਤੇ ਕਮਿਊਨਿਟੀ ਦੀ ਮੁੱਢਲੀ ਪ੍ਰਤੀਕਿਰਿਆ ਕਾਫੀ ਸਕਾਰਾਤਮਕ ਰਹੀ।
ਪੁਲਿਸ ਫੋਰਸ ਨੇ ਪਿੱਛੇ ਜਿਹੇ ਐਕਸਨ ਨਾਲ 34 ਮਿਲੀਅਨ ਡਾਲਰ ਦੀ ਪੰਜ ਸਾਲਾ ਡੀਲ ਉੱਤੇ ਸਾਈਨ ਕੀਤੇ ਸਨ। ਇਸ ਵਿੱਚ 2350 ਕੈਮਰੇ ਤੇ ਕਲਾਊਡ ਬੇਸਡ ਸਟੋਰੇਜ ਸ਼ਾਮਲ ਸੀ। ਕੌਕਸਨ ਦਾ ਕਹਿਣਾ ਹੈ ਕਿ ਕੈਮਰਿਆਂ ਨਾਲ ਜਵਾਬਦੇਹੀ ਤੇ ਪਾਰਦਰਸ਼ਤਾ ਵਿੱਚ ਵਾਧਾ ਹੋਵੇਗਾ। ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਪੁਲਿਸ ਨੂੰ ਨਵੀਂ ਤਕਨਾਲੋਜੀ ਵਿੱਚ ਨਿਵੇਸ਼ ਦੀ ਥਾਂ ਖਰਚਿਆਂ ਵਿੱਚ ਕਟੌਤੀ ਕਰਨੀ ਚਾਹੀਦੀ ਹੈ।

# ਮਿਡਟਾਊਨ ਆਰਜ਼ੀ ਸ਼ੈਲਟਰਜ਼ ਨੂੰ ਇਸ ਹਫਤੇ ਕਰਵਾਇਆ ਜਾਵੇਗਾ ਖਾਲ੍ਹੀ



ਟੋਰਾਂਟੋ, 31 ਅਗਸਤ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਦਾ ਕਹਿਣਾ ਹੈ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਬੇਘਰੇ ਲੋਕਾਂ ਨੂੰ ਰਹਿਣ ਲਈ ਲੀਜ਼ ਉੱਤੇ ਲਈ ਗਈ ਐਮਰਜੰਸੀ ਹਾਊਸਿੰਗ ਨੂੰ ਇਸ ਹਫਤੇ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ ਜਾਵੇਗਾ।
ਮਈ ਦੇ ਮਹੀਨੇ ਤੋਂ ਹੀ ਸ਼ੈਲਟਰ ਸਿਸਟਮ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਬਰੌਡਵੇਅ ਐਵਨਿਊ ਸਥਿਤ ਟਵਿਨ ਅਪਾਰਟਮੈਂਟ ਬਿਲਡਿੰਗਜ਼ ਨੂੰ ਹੁਣ ਖਾਲੀ ਕਰਵਾਇਆ ਜਾ ਰਿਹਾ ਹੈ। ਇੱਥੇ 150 ਦੇ ਨੇੜੇ ਤੇੜੇ ਬੇਘਰੇ ਲੋਕ ਰਹਿ ਰਹੇ ਸਨ। ਡਿਵੈਲਪਰ ਨਾਲ ਹੋਏ ਲੀਜ਼ਿੰਗ ਸਮਝੌਤੇ ਦੇ ਹਿਸਾਬ ਨਾਲ ਹੁਣ ਇਨ੍ਹਾਂ ਇਮਾਰਤਾਂ ਨੂੰ ਗਿਰਾਇਆ ਜਾਣਾ ਹੈ ਤੇ ਇੱਥੇ ਰਹਿਣ ਵਾਲੇ ਲੋਕਾਂ ਨੂੰ ਬਾਹਰ ਨਿਕਲਣਾ ਹੋਵੇਗਾ।
ਇਨ੍ਹਾਂ ਇਮਾਰਤਾਂ ਦੇ ਨੇੜੇ ਹੀ ਸਥਿਤ ਇੱਕ ਹੋਟਲ, ਜਿਸ ਨੂੰ ਸ਼ੈਲਟਰ ਵਿੱਚ ਬਦਲਿਆ ਗਿਆ ਸੀ, ਦੀ ਸੇਫਟੀ ਨੂੰ ਲੈ ਕੇ ਹੁਣ ਮੁਜ਼ਾਹਰੇ ਕੀਤੇ ਜਾ ਰਹੇ ਹੈ। ਇਸ ਨਵੇਂ ਫੈਸਲੇ ਨਾਲ ਪਿਛਲੇ ਮਹੀਨੇ ਤੋਂ ਇਲਾਕੇ ਵਿੱਚ ਤਣਾਅ ਪੈਦਾ ਹੋਇਆ ਪਿਆ ਹੈ। ਆਲੋਚਕਾਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਇਲਾਕੇ ਵਿੱਚ ਜੁਰਮ ਵਿੱਚ ਵੀ ਵਾਧਾ ਹੋਇਆ ਹੈ ਪਰ ਪੁਲਿਸ ਵੱਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ।

# ਕੈਨੇਡਾ ਵਿੱਚ ਸਟਾਰਬੱਕਸ ਨੇ ਮਾਸਕਸ ਕੀਤੇ ਜ਼ਰੂਰੀ



ਓਟਵਾ, 31 ਅਗਸਤ (ਪੋਸਟ ਬਿਊਰੋ) : ਸਟਾਰਬੱਕਸ ਕੈਨੇਡਾ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਕੰਪਨੀ ਦੀਆਂ ਲੋਕੇਸ਼ਨਜ਼ ਉੱਤੇ ਵਿਜ਼ਿਟ ਦੌਰਾਨ ਕਸਟਮਰਜ਼ ਨੂੰ ਫੇਸ਼ੀਅਲ ਕਵਰਿੰਗਜ਼ ਪਾਉਣੀਆਂ ਲਾਜ਼ਮੀ ਹੋਣਗੀਆਂ।
ਇਹ ਨਿਯਮ 14 ਸਤੰਬਰ ਤੋਂ ਰਸਮੀ ਤੌਰ ਉੱਤੇ ਲਾਗੂ ਹੋ ਜਾਵੇਗਾ। ਮਈ ਵਿੱਚ ਸਟਾਰਬੱਕਸ ਕੈਨੇਡਾ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਵੱਲੋਂ ਬੜੇ ਸਤਿਕਾਰ ਸਹਿਤ ਆਪਣੇ ਕਸਟਮਰਜ਼ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਫੇਸ਼ੀਅਲ ਕਵਰਿੰਗ ਦੀ ਵਰਤੋਂ ਕਰਨ। ਉਸ ਸਮੇਂ ਦੌਰਾਨ ਇੰਪਲੌਈਜ਼ ਨੂੰ ਕੰਮ ਸਮੇਂ ਮਾਸਕ ਪਾਉਣੇ ਲਾਜ਼ਮੀ ਕੀਤੇ ਗਏ ਸਨ। 15 ਜੁਲਾਈ ਨੂੰ ਅਮਰੀਕਾ ਵਿਚਲੀਆਂ ਸਟਾਰਬੱਕਸ ਲੋਕੇਸ਼ਨਜ਼ ਵੱਲੋਂ ਇੰਪਲੌਈਜ਼ ਤੇ ਆਪਣੇ ਕਸਟਮਰਜ਼ ਲਈ ਫੇਸ਼ੀਅਲ ਕਵਰਿੰਗਜ਼ ਲਾਜ਼ਮੀ ਕੀਤੀਆਂ ਗਈਆਂ ਸਨ। ਉਸ ਸਮੇਂ ਕੰਪਨੀ ਨੇ ਆਖਿਆ ਸੀ ਕਿ ਉਹ ਹੈਲਥ ਤੇ ਸਰਕਾਰੀ ਅਧਿਕਾਰੀਆਂ ਦੀ ਮਦਦ ਲਈ ਤੇ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਅਹਿਮ ਭੂਮਿਕਾ ਨਿਭਾਉਣ ਲਈ ਵਚਨਬੱਧ ਹਨ।

# ਚਾਕੂ ਦੀ ਨੋਕ ’ਤੇ ਟੀਨੇਜਰ ਨੇ ਕੀਤੀ ਕਾਰ ਚੋਰੀ, ਗਾਰਡੀਨਰ ਉਤੇ ਕਾਰ ਹੋਈ ਹਾਦਸਾਗ੍ਰਸਤ




ਇਟੋਬੀਕੋ, 31 ਅਗਸਤ (ਪੋਸਟ ਬਿਊਰੋ) : ਕਥਿਤ ਤੌਰ ਉੱਤੇ ਚਾਕੂ ਦੀ ਨੋਕ ਉੱਤੇ ਇਟੋਬੀਕੋ ਵਿੱਚ ਕਾਰ ਚੋਰੀ ਕਰਨ ਵਾਲੇ ਟੀਨੇਜਰ ਨੂੰ ਹੁਣ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਰ ਚੋਰੀ ਕਰਨ ਤੋਂ ਬਾਅਦ ਇਸ ਟੀਨੇਜਰ ਕੋਲੋਂ ਕਾਰ ਗਾਰਡੀਨਰ ਉੱਤੇ ਹਾਦਸਾਗ੍ਰਸਤ ਹੋ ਗਈ।
ਪੁਲਿਸ ਨੇ ਦੱਸਿਆ ਕਿ ਈਸਟ ਮਾਲ ਤੇ ਰੈਥਬਰਨ ਲਾਗੇ ਡੀਨਕੋਰਟ ਰੋਡ ਤੋਂ ਇਹ ਕਾਰ ਚੋਰੀ ਕੀਤੀ ਗਈ। ਇੱਕ ਗੁਆਂਢੀ ਨੇ ਆਪਣੀ ਕਾਰ ਨਾਲ ਚੋਰ ਦਾ ਰਸਤਾ ਰੋਕਣ ਦੀ ਕੋਸਿਸ ਵੀ ਕੀਤੀ ਪਰ ਉਸ ਨੂੰ ਵੀ ਚਾਕੂ ਵਿਖਾ ਕੇ ਚੋਰ ਨੇ ਆਪਣੇ ਰਸਤੇ ਤੋਂ ਹਟਾ ਦਿੱਤਾ। ਅੱਧੀ ਰਾਤ ਨੂੰ ਗਾਰਡੀਨਰ ਉੱਤੇ ਇਸ ਟੀਨੇਜਰ ਨੇ ਗਾਰਡਰੇਲ ਨਾਲ ਟਕਰਾਉਣ ਤੋਂ ਪਹਿਲਾਂ ਦੋ ਹੋਰ ਗੱਡੀਆਂ ਨੂੰ ਵੀ ਟੱਕਰ ਮਾਰੀ।
ਪੁਲਿਸ ਨੂੰ ਇੱਕ ਟੋਅ ਟਰੱਕ ਡਰਾਈਵਰ ਵੱਲੋਂ ਮੌਕੇ ਉੱਤੇ ਸੱਦਿਆ ਗਿਆ, ਜਿਸ ਨੇ ਟੀਨੇਜਰ ਨੂੰ ਮੌਕੇ ਤੋਂ ਫਰਾਰ ਹੋਣ ਤੋਂ ਰੋਕੀ ਰੱਖਿਆ।

# ਭਾਰਤੀ ਪੰਜਾਬੀ ਮੂਲ ਦੇ ਪ੍ਰੀਤਮ ਸਿੰਘ ਸਿੰਗਾਪੁਰ ਦੀ ਵਿਰੋਧੀ ਧਿਰ ਦੇ ਪਹਿਲੇ ਨੇਤਾ ਬਣੇ



ਸਿੰਗਾਪੁਰ, 31 ਅਗਸਤ, (ਪੋਸਟ ਬਿਊਰੋ)- ਭਾਰਤੀ ਮੂਲ ਦੇ ਨੇਤਾ ਪ੍ਰੀਤਮ ਸਿੰਘ ਨੇਸਿੰਗਾਪੁਰ ਪਾਰਲੀਮੈਂਟ ਦੀ ਵਿਰੋਧੀ ਧਿਰ ਦੇ ਪਹਿਲੇ ਨੇਤਾ ਦਾ ਅਹੁਦਾ ਸੰਭਾਲਣ ਦੇ ਨਾਲ ਇਤਿਹਾਸ ਰਚ ਦਿੱਤਾ ਹੈ। ਪਾਰਲੀਮੈਂਟ ਨੇ ਅੱਜ ਸੋਮਵਾਰ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ, ਜਿਹੜੀ ਆਪਣੇ ਆਪ ਵਿੱਚ ਇਤਹਾਸਕ ਹੈ।
ਪ੍ਰੀਤਮ ਸਿੰਘ ਦੀ ਅਗਵਾਈ ਵਾਲੀ ਵਰਕਰਸ ਪਾਰਟੀ 10 ਜੁਲਾਈ ਨੂੰ ਹੋਈਆਂ ਆਮ ਚੋਣਾਂ ਵਿਚ 93 ਵਿਚੋਂ 10 ਸੀਟਾਂ ਜਿੱਤ ਕੇ ਸਿੰਗਾਪੁਰ ਦੇ ਪਾਰਲੀਮੈਂਟਰੀ ਇਤਿਹਾਸ ਵਿੱਚ ਸਭ ਤੋਂ ਵੱਡੀ ਵਿਰੋਧੀ ਧਿਰ ਵਜੋਂ ਉਭਰੀ ਹੈ। ਅੱਜ ਸੈਸ਼ਨ ਦੀ ਸ਼ੁਰੂਆਤ ਵਿਚ ਹਾਊਸ ਦੇ ਨੇਤਾ ਇੰਦ੍ਰਾਣੀ ਰਾਜਾ ਨੇ 43 ਸਾਲਾ ਪ੍ਰੀਤਮ ਸਿੰਘ ਨੂੰ ਰਸਮੀ ਤੌਰ ਉੱਤੇ ਦੇਸ਼ ਦੀ ਵਿਰੋਧੀ ਧਿਰ ਦੇ ਪਹਿਲੇ ਨੇਤਾ ਵਜੋਂ ਮਾਨਤਾ ਦਿੱਤੀ। ਭਾਰਤੀ ਮੂਲ ਦੀ ਇੰਦ੍ਰਾਣੀ ਰਾਜਾ ਏਥੇ ਰਾਜ ਕਰਨ ਵਾਲੀ ਪੀਪਲਸ ਐਕਸ਼ਨ ਪਾਰਟੀ (ਪੀ ਏ ਪੀ) ਦੀ ਨੇਤਾ ਹਨ। ਪੀ ਏ ਪੀ ਦਾ 83 ਮੈਂਬਰਾਂ ਦੇ ਨਾਲ ਸਦਨ ਵਿਚ ਬਹੁਮਤ ਹੈ।
ਚੈਨਲ ਨਿਊਜ਼ ਏਸ਼ੀਆ ਦੇ ਮੁਤਾਬਕ ਪ੍ਰੀਤਮ ਸਿੰਘ ਅੱਗੇ ਤੋਂ ਪ੍ਰਧਾਨ ਮੰਤਰੀ ਲੀ ਸੀਨ ਲਾਂਗ ਦੇ ਸਾਹਮਣੇ ਵਾਲੀ ਕੁਰਸੀ ਉੱਤੇ ਬੈਠਣਗੇ। ਪ੍ਰੀਤਮ ਸਿੰਘ ਨੇ ਆਪਣੇ ਭਾਸ਼ਣ ਵਿਚ ਵਿਦੇਸ਼ੀਆਂ ਬਾਰੇ ਤੇ ਜਿਨ੍ਹਾਂ ਹਾਲਾਤ ਵਿਚ ਉਹ ਰਹਿ ਰਹੇ ਹਨ, ਉਨ੍ਹਾਂਵੱਲ ਧਿਆਨ ਦੇਣ ਦੀ ਲੋੜ ਦਾ ਜ਼ਿਕਰ ਕੀਤਾ। ਨਿਊਜ਼ ਏਸ਼ੀਆ ਨੇ ਪ੍ਰੀਤਮ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਵਿਦੇਸ਼ੀਆਂ ਦੀ ਮੌਜੂਦਗੀ ਸਿੰਗਾਪੁਰ ਨੂੰ ਜ਼ਿੰਦਗੀ ਦਿੰਦੀ ਅਤੇ ਆਰਥਿਕ ਤੌਰ ਉੱਤੇ ਬਿਹਤਰ ਬਣਾਉਂਦੀ ਹੈ।
ਪ੍ਰੀਤਮ ਸਿੰਘ ਭਾਰਤੀ ਮੂਲ ਦੇ ਸਿੱਖ ਪੰਜਾਬੀ ਪਰਵਾਰ ਵਿੱਚ ਪੈਦਾ ਹੋਏ ਸਨ। ਉਨ੍ਹਾਂ ਦੀ ਪਤਨੀ ਦਾ ਨਾਂਅ ਲਵਲੀਨ ਕੌਰ ਹੈ ਅਤੇ ਉਨ੍ਹਾਂ ਦੀਆਂ ਦੋ ਧੀਆਂ ਹਨ।

# ਨਿਊਮਾਰਕਿਟ ਗਰੌਸਰੀ ਸਟੋਰ ਦੇ ਪਾਰਕਿੰਗ ਲੌਟ ਵਿੱਚ ਹੋਈ ਮੌਤ ਦੀ ਜਾਂਚ ਕਰ ਰਹੀ ਹੈ ਐਸਆਈਯੂ




ਟੋਰਾਂਟੋ, 31 ਅਗਸਤ (ਪੋਸਟ ਬਿਊਰੋ) : ਪ੍ਰੋਵਿੰਸ ਦੀ ਸਪ੍ਹੈਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਦਾ ਕਹਿਣਾ ਹੈ ਕਿ ਨਿਊਮਾਰਕਿਟ ਵਿੱਚ ਇੱਕ ਲੈਂਜ ਤੋਂ ਡਿੱਗ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਿਸ ਦੀ ਜਾਂਚ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੈ।
ਕੱਲ੍ਹ ਸ਼ਾਮੀਂ 7:00 ਵਜੇ ਦੇ ਨੇੜੇ ਤੇੜੇ ਯੌਰਕ ਰੀਜਨਲ ਪੁਲਿਸ ਨੂੰ ਯੰਜ ਸਟਰੀਟ ਤੇ ਡੇਵਿਸ ਡਰਾਈਵ ਇਲਾਕੇ ਵਿੱਚ ਸਥਿਤ ਇੱਕ ਗਰੌਸਰੀ ਸਟੋਰ ਨੋ ਫਰਿੱਲਜ਼ ਦੇ ਪਾਰਕਿੰਗ ਲੌਟ ਵਿੱਚ ਰੌਲਾ ਪੈਣ ਦੀ ਖਬਰ ਦੇ ਕੇ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਇੱਕ ਵਿਅਕਤੀ ਨੂੰ ਜਮੀਨ ਤੋਂ ਨੌਂ ਮੀਟਰ ਉੱਚੀ ਇੱਕ ਲੈਂਜ ਉੱਤੇ ਖੜ੍ਹਾ ਵੇਖਿਆ।
ਐਸਆਈਯੂ ਵੱਲੋਂ ਜਾਰੀ ਕੀਤੀ ਗਈ ਨਿਊਜ ਰਲੀਜ ਵਿੱਚ ਆਖਿਆ ਗਿਆ ਕਿ ਥੋੜ੍ਹੀ ਦੇਰ ਬਾਅਦ ਹੀ ਉਹ ਵਿਅਕਤੀ ਜਮੀਨ ਉੱਤੇ ਡਿੱਗ ਗਿਆ। ਲੋਕਲ ਹਸਪਤਾਲ ਵਿੱਚ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਕਰਨ ਦੀਆਂ ਕੋਸਿਸਾਂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਐਸਆਈਯੂ ਵੱਲੋਂ ਹੋਰ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਭਾਰਤ ਤੇ ਰੂਸ ਸ਼ਤਰੰਜ ਉਲੰਪੀਆਡ ਦੇ ਸਾਂਝੇ ਜੇਤੂ ਬਣੇ

ਚੇਨਈ, 31 ਅਗਸਤ (ਪੋਸਟ ਬਿਊਰੋ)- ਭਾਰਤ ਅਤੇ ਰੂਸ ਕੱਲ੍ਹ ਇੰਟਰਨੈਟ ਬੰਦ ਹੋਣ ਅਤੇ ਸਰਵਰ ਦੀ ਖ਼ਰਾਬੀ ਕਾਰਨ ਫਾਈਨਲ ਹੋਣ ਪਿੱਛੋਂ 2020 ਆਨਲਾਈਨ ਸ਼ਤਰੰਜ ਉਲੰਪੀਆਡ ਵਿੱਚ ਸਾਂਝੇ ਜੇਤੂ ਐਲਾਨੇ ਗਏ ਹਨ। ਸਰਵਰ ਦੀ ਇਸ ਖ਼ਰਾਬੀ ਤੋਂ ਬਾਅਦ ਫਾਈਨਲ ਦੇ ਸਮੇਂ ਦੋ ਭਾਰਤੀ ਖਿਡਾਰੀ ਨਿਹਾਲ ਸਰੀਨ ਤੇ ਦਿਵਿਆ ਦੇਸ਼ਮੁੱਖ ਦੀ ਹਾਰ ਤੋਂ ਬਾਅਦ ਸ਼ੁਰੂ ਵਿੱਚ ਰੂਸ ਨੂੰ ਜੇਤੂ ਐਲਾਨਿਆ ਗਿਆ ਸੀ। ਭਾਰਤ ਨੇ ਇਸ ਵਿਵਾਦਤ ਫੈਸਲੇ ਉੱਤੇ ਸਖ਼ਤ ਵਿਰੋਧ ਜਤਾਇਆ ਤੇ ਇਸ ਦੀ ਸਮੀਖਿਆ ਕੀਤੀ ਤਾਂ ਭਾਰਤ ਅਤੇ ਰੂਸ ਨੂੰ ਸਾਂਝੇ ਜੇਤੂ ਐਲਾਨਿਆ ਗਿਆ।
ਕੋਰੋਨਾ ਵਾਇਰਸ ਦੇ ਕਾਰਨ ਇੰਟਰਨੈਸ਼ਨਲ ਚੈਸ ਫੈਡਰੇਸ਼ਨ ਲਈ ਇਹ ਪਹਿਲੀ ਵਾਰ ਸੀ ਕਿ ਉਲੰਪੀਆਡ ਨੂੰ ਆਨਲਾਈਨ ਕਰਵਾਇਆ ਗਿਆ। ਇਸ ਮੌਕੇ ਫੈਡਰੇਸ਼ਨ ਨੇ ਟਵੀਟ ਕੀਤਾ ਕਿ ‘ਫਿਡੇ’ ਦੇ ਪ੍ਰਧਾਨ ਅਰਕੇਡੀ ਡਵੋਰਕੋਵਿਚ ਨੇ ਆਨਲਾਈਨ ਸ਼ਤਰੰਜ ਉਲੰਪੀਆਡ ਲਈ ਦੋਵੇਂ ਟੀਮਾਂ ਭਾਰਤ ਅਤੇ ਰੂਸ ਨੂੰ ਸੋਨ ਤਗਮੇ ਦਿੱਤੇ ਹਨ।
ਵਿਸ਼ਵ ਰੈਪਿਡ ਚੈਂਪੀਅਨ ਕੋਨੇਰੂ ਹੰਪੀ ਨੇ ਫਿਡੇ ਆਨਲਾਈਨ ਸ਼ਤਰੰਜ ਉਲੰਪੀਆਡ ਦੇ ਸੈਮੀਫਾਈਨਲ ਵਿੱਚ ਮੋਨਿਕਾ ਸੋਕੋ ਨੂੰ ਟਾਈ ਬ੍ਰੇਕ ਵਿੱਚ ਹਰਾ ਕੇ ਭਾਰਤ ਨੂੰ ਪੋਲੈਂਡ ਉੱਤੇ ਜਿੱਤ ਦਿਵਾਈ ਸੀ। ਇਸ ਦੇ ਨਾਲ ਹੀ ਭਾਰਤੀ ਟੀਮ ਸ਼ਤਰੰਜ ਉਲੰਪੀਆਡ ਦੇ ਫਾਈਨਲ ਵਿੱਚ ਪਹੁੰਚੀ ਸੀ। ਫਾਈਨਲ ਵਿੱਚ ਆਧੁਨਿਕ ਸ਼ਤਰੰਜ ਦਾ ਸੁਪਰ ਪਾਵਰ ਕਹੇ ਜਾਣ ਵਾਲੇ ਰੂਸ ਨਾਲ ਸਾਂਝਾ ਜੇਤੂ ਬਣ ਕੇ ਭਾਰਤ ਨੇ ਯਕੀਨਨ ਇੱਕ ਇਤਿਹਾਸ ਲਿਖਣ ਵਿੱਚ ਕਾਮਯਾਬੀ ਹਾਸਲ ਕੀਤੀ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ShergGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਬਾਰਡਰ ਭਾਰਤ ਤੇ ਚੀਨ ਦਾ ਫੇਰ ਭਖਿਆ,
ਖਬਰ ਨਵੀਂ ਜਿਹੀ ਰੋਜ਼ ਹੀ ਆਏ ਮਿੱਤਰ।
ਦੋਵਾਂ ਧਿਰਾਂ ਵਿੱਚ ਬਾਤ ਵੀ ਚੱਲ ਰਹੀ ਆ,
ਲਸ਼ਕਰ ਦੋਵੇਂ ਫਿਰ ਹੋਰ ਲਿਆਏ ਮਿੱਤਰ।
ਦੋਵਾਂ ਈ ਮੁਲਕਾਂ ਨੇ ਬੀੜੇ ਕਈ ਤੋਪਖਾਨੇ,
ਲੜਾਕੂ ਜਹਾਜ਼ ਨਜ਼ਦੀਕ ਟਿਕਾਏ ਮਿੱਤਰ।
ਓਧਰ ਮੀਡੀਆ ਲੱਗਾ ਕੁਝ ਕਸਰ ਕੱਢਣ,
ਜੰਗੀ ਜਨੂੰਨ ਹੀ ਪਿਆ ਭੜਕਾਏ ਮਿੱਤਰ।
ਸਾਊ ਲੋਕਾਂ ਦੇ ਮਨਾਂ ਦੀ ਖਾਹਸ਼ ਇਹ ਹੀ,
ਲੱਭਣਾ ਚਾਹੀਦਾ ਅਮਨ ਦਾ ਢੰਗ ਮਿੱਤਰ।
ਲੜਨੀ ਪੈ ਗਈ ਤੇ ਜੰਗ ਵੀ ਲੜੀ ਜਾਊ,
ਟਲਦੀ ਹੋਵੇ ਤਾਂ ਟਾਲ ਲਉ ਜੰਗ ਮਿੱਤਰ।

ਤੀਸ ਮਾਰ ਖਾਂ

# ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਚੱਲ ਵੱਸੇ

### * ਭਾਰਤ ਵਿੱਚ ਸੱਤ ਦਿਨਾਂ ਦੇ ਸੋਗ ਦਾ ਐਲਾਨ

ਨਵੀਂ ਦਿੱਲੀ, 31 ਅਗਸਤ, (ਪੋਸਟ ਬਿਊਰੋ)- ਭਾਰਤ ਦੇਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦਾ ਅੱਜ ਸੋਮਵਾਰ ਨੂੰ ਦੇਹਾਂਤ ਹੋ ਗਿਆ ਹੈ। ਪ੍ਰਣਬ ਮੁਖਰਜੀ ਦਾ ਕਈ ਦਿਨਾਂ ਤੋਂ ਦਿੱਲੀ ਕੈਂਟ ਵਿਚ ਆਰਮੀ ਰਿਸਰਚ ਐਂਡ ਰੈਫਰਲ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਉਹ 84 ਸਾਲਾਂ ਦੇ ਸਨ।

ਦਿੱਤੀ ਗਈ ਜਾਣਕਾਰੀ ਅਨੁਸਾਰ ਪ੍ਰਣਬ ਮੁਖਰਜੀ ਬਾਥਰੂਮ ਵਿਚ ਤਿਲਕ ਕੇ ਡਿੱਗ ਪਏ ਸਨ ਤੇ ਸਿਰ ਵਿੱਚ ਸੱਟ ਲੱਗਣ ਕਾਰਨ ਦਿਮਾਗ ਵਿੱਚ ਖੂਨ ਦਾ ਧੱਬਾ ਜੰਮ ਗਿਆ ਸੀ। ਬੀਤੀ 10 ਅਗਸਤ ਨੂੰ ਜਦੋਂ ਉਨ੍ਹਾਂ ਨੂੰ ਫੌਜ ਦੇ ਹਸਪਤਾਲ ਲਿਜਾਇਆ ਗਿਆ ਤਾਂ ਟੈਸਟਾਂ ਦੇ ਦੌਰਾਨ ਕੋਰੋਨਾ ਵਾਇਰਸ ਹੋਣ ਦਾ ਪਤਾ ਲੱਗਾ। ਇਸ ਦੇ ਬਾਵਜੂਦ ਫ਼ੌਜ ਦੇ ਡਾਕਟਰਾਂ ਨੇ ਉਨ੍ਹਾਂ ਦੇ ਦਿਮਾਗ ਦੀ ਸਰਜਰੀ ਕੀਤੀ ਸੀ ਅਤੇ ਓਦੋਂਤੋਂਉਹ ਕੋਮਾ ਵਿੱਚ ਸਨ।

ਪ੍ਰਣਬ ਮੁਖਰਜੀ 2012 ਤੋਂ 2017 ਤੱਕ ਭਾਰਤ ਦੇ ਰਾਸ਼ਟਰਪਤੀ ਰਹੇ ਸਨ। ਸਾਲ 2019 ਵਿੱਚ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਦੇਸ਼ ਦੇ ਸਭ ਤੋਂ ਉੱਚੇ ਸਨਮਾਨ 'ਭਾਰਤ ਰਤਨ' ਨਾਲ ਸਨਮਾਨਤ ਕੀਤਾ ਗਿਆ ਸੀ।ਪੱਛਮੀ ਬੰਗਾਲ ਦੇ ਵੀਰਭੂਮ ਜ਼ਿਲ੍ਹੇ ਵਿਚਲੇ ਮਿਰਾਤੀ ਨਾਮ ਦੇ ਛੋਟੇ ਪਿੰਡ ਤੋਂ ਦਿੱਲੀ ਦਰਬਾਰਤੱਕ ਅਮਿੱਟ ਛਾਪ ਛੱਡਣਵਾਲੇ ਪ੍ਰਣਬ ਮੁਖਰਜੀ ਨੇ ਆਪਣੀ ਸਵੈ ਜੀਵਨੀ ਵਿੱਚ ਆਪਣੀ ਇਸ ਯਾਤਰਾ ਦੇ ਬੜੇ ਰੋਮਾਂਚਕ ਬਿਰਤਾਂਤ ਲਿਖੇ ਹਨ।

ਸੀਨੀਅਰ ਕਾਂਗਰਸੀ ਆਗੂ ਪ੍ਰਣਬ ਮੁਖਰਜੀ ਦਾ ਪਾਰਟੀ ਦੇ ਅੰਦਰ ਤੇ ਬਾਹਰ ਹਰ ਥਾਂ ਸਨਮਾਨ ਕੀਤਾ ਜਾਂਦਾ ਸੀ। ਉਨ੍ਹਾਂ ਦੀ ਹੈਸੀਅਤ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਉਨ੍ਹਾਂ ਦੇ ਰਾਜਨੀਤਕ ਵਿਰੋਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਉਨ੍ਹਾਂ ਨੂੰ ਪਿਤਾ ਸਮਾਨ ਕਿਹਾ ਸੀ। ਪ੍ਰਣਬ ਮੁਖਰਜੀ ਵੀਰਭੂਮ ਜ਼ਿਲੇ ਦੇ ਸੂਰੀ ਵਿਦਿਆਸ-ਾਗਰ ਕਾਲਜ, ਜੋ ਕਲਕੱਤਾ ਯੂਨੀਵਰਸਿਟੀ ਨਾਲ ਜੁੜਿਆ ਸੀ, ਤੋਂ ਹਿਸਟਰੀ ਤੇ ਪੁਲੀਟੀਕਲ ਸਾਇੰਸ



ਵਿੱਚ ਐੱਮ ਏਕੀਤੀ ਸੀ ਅਤੇ ਫਿਰ ਕਾਨੂੰਨ ਦੀ ਡਿਗਰੀ ਲਈ ਸੀ। ਉਹ ਵਕੀਲ ਅਤੇ ਕਾਲਜ ਦੇ ਪ੍ਰੋਫੈਸਰ ਵੀ ਰਹਿ ਚੁੱਕੇ ਹਨ। ਪਹਿਲਾਂ ਉਨ੍ਹਾਂ ਨੇ ਕਾਲਜਦੇ ਪ੍ਰੋਫੈਸਰ ਵਜੋਂ ਕਰੀਅਰ ਸ਼ੁਰੂ ਕੀਤਾ ਅਤੇ ਫਿਰ ਪੱਤਰਕਾਰੀ ਵਿੱਚਵੱਧ ਰੁਚੀ ਲੈਣ ਲੱਗੇ ਸਨ।

ਸਾਲ 1969 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮਦਦ ਨਾਲ ਉਹ ਰਾਜਨੀਤੀ ਵਿੱ-ਚਆਏ ਤੇ ਉਨ੍ਹਾਂ ਨੂੰ ਕਾਂਗਰਸ ਟਿਕਟ ਉੱਤੇਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਲਈ ਚੁਣਿਆ ਗਿਆ। ਹੌਲੀ-ਹੌਲੀ ਇੰਦਰਾ ਗਾਂਧੀ ਦੇ ਉਹਨਜ਼ਦੀਕੀ ਆਗੂ ਅਤੇ ਮੰਤਰੀ ਬਣ ਗਏ। ਇੰਦਰਾ ਗਾਂਧੀ ਦੀ ਮੌਤ ਪਿੱਛੋਂ ਰਾਜੀਵ ਗਾਂਧੀ ਦੇ ਹੱਥ ਕਮਾਨ ਆਉਣ ਨਾਲ ਉਨ੍ਹਾਂ ਦੀ ਸਥਿਤੀ ਚੰਗੀਨਹੀਂ ਰਹੀ ਤੇ ਲੰਮਾ ਸਮਾਂ ਰਾਜਨੀਤਕ ਗਲਿਆਰਿਆਂ ਤੋਂ ਲਾਂਭੇ ਰਹੇ, ਕਿਉਂਕਿ ਉਹ ਰਾਜੀਵ ਗਾਂਧੀ ਤੇ ਉਨ੍ਹਾਂ ਦੇ ਨੇੜੇ ਰਹਿੰਦੇ ਕੁਝ ਨੇਤਾਵਾਂ ਨਾਲ ਕਈ ਮੁੱਦਿਆਂ ਉੱਤੇ ਸਹਿਮਤ ਨਹੀਂ ਸਨ। ਏਸੇ ਲਈ ਉਨ੍ਹਾਂ ਦਾ ਇਸ ਪਾਰਟੀ ਨਾਲ ਸੰਬੰਧ ਟੁੱਟ ਗਿਆ। ਇਸ ਦੌਰਾਨ ਪ੍ਰਣਬ ਮੁਖਰਜੀ ਨੇ ਰਾਸ਼ਟਰੀ ਸਮਾਜਵਾਦੀ ਕਾਂਗਰਸ ਨਾਮ ਦੀ ਪਾਰਟੀ ਵੀ ਬਣਾਈ, ਪਰ 1989 ਵਿੱਚ ਰਾਜੀਵ ਗਾਂਧੀ ਨਾਲ ਸਮਝੌਤਾ ਹੋਣ ਪਿੱਛੋਂ ਫਿਰ ਕਾਂਗਰਸ ਵਿੱਚਆ ਗਏ। ਪੀ ਵੀ ਨਰਸਿਮਹਾ ਰਾਓ ਦੇ ਪ੍ਰਧਾਨ ਮੰਤਰੀ ਬਣਨ ਵੇਲੇ ਪ੍ਰਣਬ ਮੁਖਰਜੀ ਨੂੰ ਫਿਰ ਅਹਿਮੀਅਤ ਮਿਲੀ ਅਤੇ 1991 ਵਿੱਚ ਉਨ੍ਹਾਂ ਨੂੰ ਭਾਰਤ ਦੇ ਯੋਜਨਾ ਕਮਿਸ਼ਨ ਦਾ ਉਪ-ਪ੍ਰਧਾਨ ਬਣਾਇਆ ਗਿਆ। ਇਸ ਪਿੱਛੋਂ ਨਰਸਿਮਹਾ ਰਾਓ ਨੇ 1995 ਵਿੱਚ ਉਨ੍ਹਾਂ ਨੂੰ ਕੈਬਨਿਟ ਮੰਤਰੀ ਬਣਾਉਣ ਦਾ ਫੈਸਲਾ ਲਿਆ ਅਤੇ ਫਿਰ ਵਿਦੇਸ਼ ਮੰਤਰਾਲਾ ਵੀ ਉਨ੍ਹਾ ਨੂੰ ਦਿੱਤਾ ਗਿਆ।

ਬਾਅਦ ਵਿੱਚ ਸੋਨੀਆ ਗਾਂਧੀ ਨੂੰ ਕਾਂਗਰਸ ਦੀ ਪ੍ਰਧਾਨ ਬਣਾਉਣ ਵਿੱਚ ਵੀ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਪ੍ਰਣਬ ਮੁਖਰਜੀ ਇੱਕ ਸਮੇਂ ਸੋਨੀਆ ਗਾਂਧੀ ਦੇ ਪ੍ਰਮੁੱਖ ਸਲਾਹਕਾਰਾਂ ਵਿੱਚੋਂ ਸਨ। ਸੋਨੀਆ ਗਾਂਧੀ ਕਿਸੇ ਉਲਝਣ ਵਿੱਚ ਫਸ ਜਾਂਦੀ ਤਾਂ ਪ੍ਰਣਬ ਮੁਖਰਜੀ ਉਨ੍ਹਾਂ ਨੂੰ ਉਨ੍ਹਾਂ ਦੀ ਸੱਸ ਇੰਦਰਾ ਗਾਂਧੀ ਦੀ ਮਿਸਾਲ ਨਾਲ ਦੱਸਦੇ ਸਨ ਕਿ ਉਹ ਏਦਾਂ ਦੇ ਹਾਲਾਤ ਨਾਲ ਕਿਵੇਂ ਨਜਿੱਠਦੀ ਸਨ। ਸਾਲ 2004 ਵਿੱਚਕਾਂਗਰਸ ਦੀ ਸੱਤਾ ਵਿੱਚ ਵਾਪਸੀ ਪਿੱਛੋਂ ਪ੍ਰਣਬ ਮੁਖਰਜੀ ਨੂੰ ਪਹਿਲਾਂ ਰੱਖਿਆ ਮੰਤਰੀ ਅਤੇ ਫਿਰ ਵਿਦੇਸ਼ ਮੰਤਰੀ ਬਣਾਇਆ ਗਿਆ ਸੀ। ਅਮਰੀਕੀ ਸਰਕਾਰ ਦੇ ਨਾਲ ਗ਼ੈਰ ਫ਼ੌਜੀ ਐਟਮੀ ਸਮਝੌਤਾ ਵੀ ਵਿਦੇਸ਼ ਮੰਤਰੀ ਵਜੋਂ ਪ੍ਰਣਬ ਮੁਖਰਜੀ ਨੇ ਹੀ ਕਰਵਾਇਆ ਸੀ।ਸਾਲ 2012 ਵਿੱਚਕਾਂਗਰਸ ਦੀ ਅਗਵਾਈ ਵਾਲੇ ਯੂ ਪੀ ਏ ਗੱਠਜੋੜ ਨੇ ਪ੍ਰਣਬ ਮੁਖਰਜੀ ਨੂੰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਤੇ ਉਨ੍ਹਾਂ ਨੇ 25 ਜੁਲਾਈ 2012 ਨੂੰ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ।ਭਾਰਤ ਸਰਕਾਰ ਨੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਦੇਹਾਂਤ ਦੇ ਕਾਰਨ ਸੱਤ ਦਿਨਾਂ ਦੇ ਸੋਗ ਦਾ ਐਲਾਨ ਕੀਤਾ ਹੈ,ਜਿਸ ਦਿਨ ਸਾਰੇ ਸਰਕਾਰੀ ਸਮਾਗਮ ਰੋਕੇ ਰਹਿਣਗੇ।

# ਅਮਰਿੰਦਰ ਨੇ ਬਾਜਵਾ ਨੂੰ ਉਸ ਦੀ ਵਜ਼ੀਰੀ ਵੇਲੇ ਦਾ ਲੁੱਕ ਸਕੈਂਡਲ ਯਾਦ ਕਰਵਾਇਆ

### * ਭ੍ਰਿਸ਼ਟਾਚਾਰ ਕਿਸੇ ਤਰ੍ਹਾਂ ਵੀ ਹੋਵੇ, ਭ੍ਰਿਸ਼ਟਾਚਾਰ ਹੀ ਹੁੰਦੈ: ਕੈਪਟਨ

ਚੰਡੀਗੜ੍ਹ, 31 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਬਾਗੀ ਸੁਰਾਂ ਉਭਾਰਨ ਵਾਲੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੋੜਵਾਂ ਮਿਹਣਾ ਮਾਰ ਦਿੱਤਾ ਹੈ। ਉਨ੍ਹਾਂ ਨੇ ਪ੍ਰਤਾਪ ਸਿੰਘ ਬਾਜਵਾ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਮੌਜੂਦਾ ਸਕਾਲਰਸ਼ਿਪ ਘੁਟਾਲੇ ਅਤੇ ਬਾਜਵਾ ਦੀ ਵਜ਼ੀਰੀ ਵੇਲੇ ਵਾਪਰੇ ਲੁੱਕ ਸਕੈਂਡਲ, ਜਿਸ ਵਿੱਚ 15 ਸਾਲ ਪਹਿਲਾਂ ਪ੍ਰਤਾਪ ਸਿੰਘ ਬਾਜਵਾ ਦਾ ਨਾਮ ਆਇਆ ਸੀ, ਦੀ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਤਾਂ ਭ੍ਰਿਸ਼ਟਾਚਾਰ ਹੈ, ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ।

ਕੈਪਟਨ ਅਮਰਿੰਦਰ ਸਿੰਘ ਨੇ ਇਹ ਚੇਤੇ ਕਰਾਇਆ ਕਿ ਉਨ੍ਹਾਂ ਦੀ ਸਾਲ 2002-



07 ਵਾਲੀ ਸਰਕਾਰ ਵਿੱਚ ਲੋਕ ਨਿਰਮ-ਾਣ ਮੰਤਰੀ ਰਹੇ ਪ੍ਰਤਾਪ ਸਿੰਘ ਬਾਜਵਾ ਦੇ ਖਿਲਾਫ ਲੱਗੇ ਤਾਰਕੋਲ (ਸੜਕਾਂ ਦੀ ਲੁੱਕ) ਦੇ ਸਕੈਂਡਲ ਦੇ ਦੋਸ਼ ਵੀ ਓਨੇ ਹੀ ਗੰਭੀਰ ਹਨ, ਜਿੰਨੇ ਅੱਜਕੱਲ੍ਹ ਸਕਾਲਰਸ਼ਿਪ ਕੇਸ ਵਿੱਚ ਲੱਗਦੇ ਹਨ। ਉਨ੍ਹਾ ਕਿਹਾ ਕਿ ਜੇ ਓਦੋਂ ਵੀ ਮੈਂ ਓਨੀ ਹੀ ਗੈਰ-ਜ਼ਿੰਮੇਵਾਰੀ ਨਾਲ ਕੰਮ ਲੈਂਦਾ, ਜਿੰਨੀ ਬਾਜਵਾ ਅੱਜ ਮੇਰੇ ਤੋਂ ਆਸ ਕਰਦੇ ਹਨ ਤਾਂ ਮੈਂ ਬਾਜਵਾ ਨੂੰ ਬਿਨਾਂ



ਨਿਰਪੱਖ ਜਾਂਚ ਦੇ ਸਿਰਫ ਦੋਸ਼ਾਂ ਦੇ ਆਧਾਰ ਉੱਤੇਮੰਤਰੀ ਮੰਡਲ ਵਿੱਚੋਂ ਕੱਢ ਦੇਣਾ ਸੀ।

ਤਾਜ਼ਾ ਸਕਾਲਰਸ਼ਿਪ ਸਕੈਂਡਲ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੀ ਗਹਿਰਾਈ ਨਾਲ ਜਾਂਚ ਲਈ ਚੀਫ ਸੈਕਟਰੀ ਨੂੰ ਕਿਹਾ ਹੈ,ਕਿਉਂਕਿਮੰਤਰੀ ਅਤੇ ਸਮਾਕ ਭਲਾਈ ਵਿਭਾਗ ਦੇ ਐਡੀਸ਼ਨਲਚੀਫ ਸੈਕਟਰੀ, ਜਿਸ ਦੀ ਅੰਦਰੂਨੀ ਰਿਪੋਰਟ ਮੰਤਰੀ ਦੇ ਖਿਲਾਫ ਲੱਗੇ ਦੋਸ਼ਾਂ ਦਾ ਆਧਾਰ ਬਣੀ ਹੈ, ਵਿੱਚ ਮੱਤਭੇਦ ਸਨ। ਪੰਜਾਬ ਸਰਕਾਰ ਦੇ ਰੂਲਜ਼ ਆਫ ਬਿਜ਼ਨਸ ਦੇ ਅਨੁਸਾਰ ਜਿਨ੍ਹਾਂ ਕੇਸਾਂ ਵਿੱਚ ਮੰਤਰੀ ਅਤੇ ਸਕੱਤਰ ਦੀ ਸਹਿਮਤੀ ਨਾ ਹੋਵੇ, ਉਹ ਕੇਸ ਹੁਕਮ ਜਾਰੀ ਕਰਨਤੋਂ ਪਹਿਲਾਂ ਚੀਫ ਸੈਕਟਰੀ ਦੇ ਰਾਹੀਂ ਮੁੱਖ ਮੰਤਰੀ ਕੋਲ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਮੰਤਰੀ ਹੋਣ ਕਰ ਕੇ ਬਾਜਵਾ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਮੌਜੂਦਾ ਕੇਸਵਿੱਚ ਕਾਰਵਾਈ ਕਰਨ ਦਾ ਇਹੋ ਰਸਤਾ ਹੈ ਅਤੇ ਉਨ੍ਹਾਂ ਨੇ ਚੀਫ ਸੈਕਟਰੀ ਨੂੰ ਇਹ ਕੇਸ ਮੁੱਖ ਮੰਤਰੀ ਨੂੰ ਭੇਜਣ ਤੋਂ ਪਹਿਲਾਂ ਗਹਿਰਾਈ ਨਾਲ ਜਾਂਚ ਲਈ ਕਿਹਾ ਹੈ।ਮੁੱਖ ਮੰਤਰੀ ਨੇ ਕਾਂਗਰਸ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਦੀ ਵੀ ਇਸ ਗੱਲ ਲਈ ਨਿੰਦਾ ਕੀਤੀ ਕਿ ਚੀਫ ਸੈਕਟਰੀ ਦੀ ਜਾਂਚ ਦੇ ਨਤੀਜੇ ਦੀ ਉਡੀਕ ਕੀਤੇ ਬਿਨਾਂ ਉਹ ਸੀਬੀ ਆਈ ਜਾਂਚ ਦੀ ਮੰਗ ਦਾ ਸਮਰਥਨ ਕਰਨ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਬਾਜਵਾ ਤੇ ਦੂਲੋ ਵੱਲੋਂ ਆਪਣੀ ਹੀ ਸਰਕਾਰ ਵਿੱਚ ਬੇਭਰੋਸੇਯੋਗਤਾ ਉਨ੍ਹਾਂ ਦੀ ਮਾੜੀ ਨੀਤ ਜ਼ਾਹਰ ਕਰਦੀ ਹੈ।

# ਸਿੱਖ ਸੰਗਠਨਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਗੱਡੀ ਘੇਰ ਕੇ 'ਪੰਥ ਗਦਾਰ' ਦੇ ਨਾਅਰੇ ਲਾਏ


ਲੁਧਿਆਣਾ, 31 ਅਗਸਤ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਿੰਟਿੰਗ ਪ੍ਰੈੱਸ ਵਿਚੋਂਛਪਾਈ ਦੇ ਦੌਰਾਨ ਵੱਡੀ ਗਿਣਤੀ ਵਿਚ ਗ਼ਾਇਬ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਮੁੱਦਾ ਸ਼੍ਰੋਮਣੀ ਕਮੇਟੀ ਦੇ ਆਗੂਆਂ ਲਈ ਮੁਸੀਬਤ ਬਣ ਰਿਹਾ ਹੈ। ਇਸ ਦਾ ਇੱਕ ਨਮੂਨਾ ਓਦੋਂ ਪੇਸ਼ ਹੋਇਆ, ਜਦੋਂ ਲੁਧਿਆਣਾ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਸਿੱਖ ਜਥੇਬੰਦੀਆਂ ਦੇ ਵਰਕਰਾਂ ਨੇ ਗੱਡੀ ਘੇਰ ਲਈ ਤੇ ਉਨ੍ਹਾਂ ਨੂੰ 'ਪੰਥ ਗੱਦਾਰ' ਆਖਦੇ ਹੋਏ ਉਚੀ-ਉਚੀ ਨਾਅਰੇ ਲਾਉਂਦਿਆਂ ਹਕੀਕਤ ਦਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੱਤਾ।

ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅੱਜ ਲੁਧਿਆਣਾ ਜ਼ਿਲੇ ਵਿੱਚ ਪਿੰਡ ਘੁਡਾਣੀ ਦੇ ਗੁਰਦੁਆਰਾ ਸਾਹਿਬ ਵਿਚ ਗਏ ਸਨ। ਜਦੋਂ ਉਹ ਗੁਰਦੁਆਰਾ ਸਾਹਿਬ ਤੋਂ ਨਿਕਲੇ ਤਾਂ ਸਿੱਖ ਜਥੇਬੰਦੀਆਂ ਦੇ ਵਰਕਰਾਂ ਨੇ ਉਨ੍ਹਾਂ ਦਾ ਵਿਰੋਧ ਸ਼ੁਰੂ ਕਰ ਦਿੱਤਾ। ਇਹ ਵਿਰੋਧ ਦੇਖ ਕੇ ਉਥੇ ਮੌਜੂਦ ਪੁਲਿਸ ਵਾਲਿਆਂ ਨੂੰ ਵੀ ਮੁਸ਼ਕਲ ਖੜੀ ਹੋ ਗਈ ਤੇ ਉਹ ਸਿੱਖ ਸੰਗਠਨਾਂ ਦੇ ਵਰਕਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨ ਲੱਗੇ, ਪਰ ਗੁੱਸੇ ਵਿੱਚ ਆਏ ਹੋਏ ਸਿੱਖ ਜਥੇਬੰਦੀਆਂ ਦੇ ਵਰਕਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕਾਰ ਮੂਹਰੇ ਸੜਕ ਉੱਤੇ ਲੇਟ ਗਏ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ ਸਰੂਪਾਂ ਬਾਰੇ ਸਿੱਖ ਸੰਗਠਨਾਂ ਵੱਲੋਂ ਸਵਾਲ ਕੀਤੇ ਜਾ ਰਹੇ ਸਨ ਕਿ ਇਹ ਸਾਰੇ ਸਰੂਪ ਕਿੱਥੇ ਗਏ? ਅੱਜ ਸਿੱਖ ਸੰਗਠਨਾਂ ਦਾ ਵਿਰੋਧ ਏਨਾ ਵਧ ਗਿਆ ਕਿ ਬੜੀ ਮੁਸ਼ਕਲ ਨਾਲ ਪੁਲਿਸ ਨੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਉਥੋਂਬਚਾ ਕੇ ਕੱਢਿਆ। ਰੋਸ ਮੁਜ਼ਾਹਰੇ ਵੇਲੇ ਪੰਥਕ ਅਕਾਲੀ ਲਹਿਰ ਦੇ ਆਗੂਆਂ ਨੇ ਕਿਹਾ ਕਿ ਸਿੱਖ ਸੰਗਠਨਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸਿਰਫ਼ ਪੁੱਛਿਆ ਸੀ ਕਿ 328 ਸਰੂਪ ਕਿੱਥੇ ਗਏ, ਜਿਨ੍ਹਾਂ ਦਾ ਹਾਲੇ ਤਕ ਪਤਾ ਨਹੀਂ ਚੱਲ ਸਕਿਆ, ਪਰਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਸ ਦਾ ਜਵਾਬ ਦੇਣ ਦੀ ਥਾਂ ਟਾਲ ਕੇ ਲੰਘਣਾ ਚਾਹੁੰਦੇ ਸਨ।ਇਸ ਦੇ ਬਾਅਦ ਸਿੱਖ ਸੰਗਠਨਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ।

# ਪ੍ਰਸ਼ਾਂਤ ਭੂਸ਼ਣ ਉੱਤੇ ਸੁਪਰੀਮ ਕੋਰਟ ਨੇ ਸਿਰਫ ਇਕ ਰੁਪਏ ਦਾ ਜੁਰਮਾਨਾ ਲਾਇਆ

### * ਇੱਕ ਰੁਪਈਆ ਨਾ ਦਿਤਾ ਤਾਂ 3 ਮਹੀਨੇ ਦੀ ਜੇਲ੍ਹ * ਪ੍ਰਸ਼ਾਂਤ ਨੇ ਕਿਹਾ: ਜ਼ੁਰਮਾਨਾ ਦੇ ਕੇ ਮੁੜ ਵਿਚਾਰ ਦੀ ਅਰਜ਼ੀ ਦੇਵਾਂਗਾ



ਨਵੀਂ ਦਿੱਲੀ, 31 ਅਗਸਤ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਮਾਣ-ਹਾਨੀ ਦੇ ਜੁਰਮ ਵਿੱਚ 1 ਰੁਪਏ ਜੁਰਮਾਨਾ ਭਰਨ ਦੀ ਸਜ਼ਾ ਸੁਣਾਈ ਹੈ। ਪ੍ਰਸ਼ਾਂਤ ਭੂਸ਼ਣ ਨੇ 15 ਸਤੰਬਰ ਤਕ ਜੁਰਮਾਨਾ ਭਰਨਾ ਹੈ ਤੇ ਜੇ ਨਾ ਭਰਿਆ ਤਾਂ 3 ਮਹੀਨੇ ਤਕ ਵਕਾਲਤ ਉੱਤੇ ਰੋਕ ਅਤੇ 3 ਮਹੀਨੇ ਤਕ ਦੀ ਸਾਧਾਰਨ ਜੇਲ੍ਹ ਹੋਵੇਗੀ। ਜਸਟਿਸ ਅਰੁਣ ਮਿਸ਼ਰਾ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੇ ਉਨ੍ਹਾਂ ਨੂੰ ਇਹ ਸਜ਼ਾ ਦਿੱਤੀ ਹੈ। ਨਿਆਂਪਾਲਿਕਾ ਖ਼ਿਲਾਫ਼ ਦੋ ਇਤਰਾਜ਼ਯੋਗ ਟਵੀਟ ਕਰਨ ਦੇ ਕੇਸ ਵਿੱਚ ਅਦਾਲਤ ਨੇ 14 ਅਗਸਤ ਨੂੰ ਭੂਸ਼ਣ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਸਜ਼ਾ ਦੇਣ ਤੋਂ ਪਹਿਲਾਂ ਪ੍ਰਸ਼ਾਂਤ ਭੂਸ਼ਣ ਨੂੰ ਮਾਫ਼ੀ ਮੰਗਣ ਲਈ ਸਮਾਂ ਦਿੱਤਾ ਸੀ, ਪਰ ਉਨ੍ਹਾਂ ਨੇ ਮਾਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ 25 ਅਗਸਤ ਨੂੰ ਸੁਣਵਾਈ ਵੇਲੇ ਪ੍ਰਸ਼ਾਂਤ ਭੂਸ਼ਣ ਦੇ ਵਕੀਲ ਰਾਜੀਵ ਧਵਨ ਨੇ ਬੈਂਚ ਨੂੰ ਭੂਸ਼ਣ ਨੂੰ ਸਜ਼ਾ ਨਾ ਦੇਣ ਲਈ ਕਿਹਾ ਸੀ।ਪਿਛਲੀ ਸੁਣਵਾਈ ਦੌਰਾਨ ਜਸਟਿਸ ਮਿਸ਼ਰਾ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੇ ਭੂਸ਼ਣ ਨੂੰ ਕਿਹਾ ਸੀ ਕਿ ਉਹ ਕਿਉਂ ਮਾਫ਼ੀ ਨਹੀਂ ਮੰਗਦੇ। ਮਾਫ਼ੀ ਸ਼ਬਦ ਬੋਲਣ ਉੱਤੇ ਉਨ੍ਹਾਂ ਨੂੰ ਕੀ ਪਰੇਸ਼ਾਨੀ ਹੈ। ਜਸਟਿਸ ਮਿਸ਼ਰਾ ਦੋ ਸਤੰਬਰ ਨੂੰ ਰਿਟਾਇਰ ਹੋਣ ਵਾਲੇ ਹਨ। ਅਟਾਰਨੀ ਜਨਰਲ ਕੇਕੇ ਵੇਣੂਗੋਪਾਲ ਨੇ ਵੀ ਅਦਾਲਤ ਨੂੰ ਅੱਗੇ ਤੋਂ ਅਜਿਹਾ ਨਾ ਕਰਨ ਦੀ ਚਿਤਾਵਨੀ ਦਿੰਦਿਆਂ ਭੂਸ਼ਣ ਨੂੰ ਮਾਫ਼ ਕਰਨ ਲਈ ਬੇਨਤੀ ਕੀਤੀ ਸੀ। ਅਦਾਲਤ ਨੇ ਭੂਸ਼ਣ ਨੂੰ ਆਪਣਾ ਬਿਆਨ ਵਾਪਸ ਲੈਣ ਤੇ ਵਿਚਾਰ ਕਰਨ ਲਈ ਅੱਧੇ ਘੰਟੇ ਦਾ ਸਮਾਂ ਦਿੱਤਾ ਸੀ, ਪਰ ਭੂਸ਼ਣ ਨੇ ਅਜਿਹਾ ਕਰਨ ਤੋਂਇਨਕਾਰ ਕਰ ਦਿੱਤਾ ਸੀ।

ਅੱਜ ਦੇ ਫੈਸਲੇ ਪਿੱਛੋਂ ਪ੍ਰੈੱਸ ਕਲੱਬ ਵਿੱਚਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਉਨ੍ਹਾਂ ਦੇ ਟਵੀਟ ਦਾ ਮਤਲਬ ਅਦਾਲਤ ਜਾਂ ਮੁੱਖ ਜੱਜ ਦੀ ਬੇਇੱਜ਼ਤੀ ਕਰਨਾ ਨਹੀਂ ਸੀ। ਉਨ੍ਹਾਂ ਕਿਹਾ ਕਿ ਉਹ ਇੱਕ ਰੁਪਏ ਜੁਰਮਾਨਾ ਭਰਨਗੇ ਅਤੇ ਫੈਸਲੇ ਬਾਰੇ ਮੁੜ ਵਿਚਾਰ ਪਟੀਸ਼ਨ ਦਾਇਰ ਕਰਨਗੇ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਕਹਿ ਚੁੱਕੇ ਹਨ ਕਿ ਅਦਾਲਤ ਉਨ੍ਹਾਂ ਨੂੰ ਜੋ ਸਜ਼ਾ ਦੇਵੇ, ਉਹ ਉਸ ਨੂੰ ਸਵੀਕਾਰ ਕਰਨਗੇ। ਉਨ੍ਹਾਂ ਕਿਹਾ, ਮੈਂ ਜੋ ਟਵੀਟ ਕੀਤੇ ਸਨ, ਉਹ ਮੇਰੇ ਆਪਣੇ ਦੁੱਖ ਨੂੰ ਜ਼ਾਹਿਰ ਕਰਨ ਲਈ ਸਨ ਅਤੇ ਇਹ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਬੰਧ ਵਿੱਚ ਸ਼ਾਨਦਾਰ ਵਕਤ ਹੈ ਅਤੇ ਲੱਗਦਾ ਹੈ ਕਿ ਇਸ ਨੇ ਕਈ ਲੋਕਾਂ ਨੂੰ ਬੇਇਨਸਾਫ਼ੀ ਦੇ ਖਿਲਾਫ ਆਵਾਜ਼ ਚੁੱਕਣ ਲਈ ਪ੍ਰੇਰਿਤ ਕੀਤਾ ਹੈ।





Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**



**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਡੋਨਾਲਡ ਟਰੰਪ ਨੇ ਪੋਰਟਲੈਂਡ ਦੇ ਮੇਅਰ ਨੂੰ ਮੂਰਖ ਕਿਹਾ

*** ਮੇਅਰ ਨੇ ਕਿਹਾ: ਨਫਰਤ ਤਾਂ ਤੁਸੀਂ ਫੈਲਾਈ ਹੈ**

ਪੋਰਟਲੈਂਡ, 31 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੇ ਓਰੇਗਨ ਰਾਜ ਵਿਚਲੇ ਸਭ ਤੋਂ ਵੱਡੇ ਸ਼ਹਿਰ ਪੋਰਟਲੈਂਡ ਦੀਆਂ ਸੜਕਾਂ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਤੇ ਖੱਬੇ ਪੱਖੀ ਪ੍ਰਦਰਸ਼ਨਕਾਰੀਆਂ ਵਿਚਾਲੇ ਹਿੰਸਾ ਦੇ ਬਾਅਦ ਰਾਜਨੀਤੀ ਤੇਜ਼ ਹੋ ਗਈ ਹੈ। ਰਾਸ਼ਟਰਪਤੀ ਟਰੰਪ ਅਤੇ ਪੋਰਟਲੈਂਡ ਦੇ ਮੇਅਰ ਟੇਡ ਵ੍ਹੀਲਰ ਨੇ ਇੱਕ ਦੂਜੇ ਨੂੰ ਇਸ ਹਿੰਸਾ ਲਈ ਜ਼ਿੰਮੇਵਾਰ ਕਿਹਾ ਹੈ। ਮੇਅਰ ਵ੍ਹੀਲਰ ਨੇ ਟਰੰਪ ਉੱਤੇ ਜ਼ਹਿਰੀਲਾ ਮਾਹੌਲ ਪੈਦਾ ਕਰਨ ਦਾ ਦੋਸ਼ ਲਾ ਕੇ ਕਿਹਾ, 'ਇਹ ਤੁਸੀਂ ਹੋ, ਜਿਸ ਨੇ ਨਫ਼ਰਤ ਅਤੇ ਪਾਟਕ ਪੈਦਾ ਕੀਤਾ ਹੈ।'

ਪੋਰਟਲੈਂਡ ਦੇ ਮੇਅਰ ਵ੍ਹੀਲਰ ਨੇ ਰਾਸ਼ਟਰਪਤੀ ਟਰੰਪ ਉੱਤੇ ਜ਼ਹਿਰੀਲਾ ਮਾਹੌਲ ਬਣਾਉਣ ਦਾ ਦੋਸ਼ ਲਾ ਕੇ ਕਿਹਾ ਕਿ 'ਇਹ ਤੁਸੀਂ ਹੋ, ਜਿਸ ਨੇ ਨਫ਼ਰਤ ਤੇ ਵੰਡ ਦੀ ਜੜ੍ਹ ਲਾਈ। ਤੁਸੀਂ ਅਜੋਕੇ ਇਤਿਹਾਸ ਦੇ ਕਿਸੇ ਵੀ ਹੋਰ ਵਿਅਕਤੀ ਦੇ ਮੁਕਾਬਲੇ ਸਾਨੂੰ ਵੰਡਣ ਵਾਲੀ ਵੱਧ ਕੋਸ਼ਿਸ਼ ਕੀਤੀ ਹੈ। ਅੱਜ ਤੁਸੀਂ ਚਾਹੁੰਦੇ ਹੋ ਕਿ ਮੈਂ ਇਸ ਹਿੰਸਾ ਨੂੰ ਰੋਕਾਂ, ਜਿਸ ਨੂੰ ਤੁਸੀਹੱਲਾਸ਼ੇਰੀ ਦਿੱਤੀ ਹੈ।' ਵ੍ਹੀਲਰ ਨੇ ਟਰੰਪ ਦੀਆਂ ਟਿੱਪਣੀਆਂਦਾ ਗੁੱਸਾ ਕਰਦੇ ਹੋਏ ਕਿਹਾ ਕਿ ਇਸ ਨਾਲ ਸਥਿਤੀ ਸੰਭਾਲਣ ਵਿਚ ਕੋਈ ਮਦਦ



ਨਹੀਂ ਮਿਲੇਗੀ, ਸਾਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਟਵੀਟ ਤੇ ਰੀ-ਟਵੀਟ ਕੀਤੇ ਸਨ। ਇਕ ਟਵੀਟ ਵਿਚ ਏਦਾਂ ਲੱਗਾ ਸੀ, ਜਿਵੇਂ ਉਹ ਆਪਣੇ ਸਮਰਥਕਾਂ ਨੂੰ ਪੋਰਟਲੈਂਡ ਜਾਣ ਦੀ ਹੱਲਾਸ਼ੇਰੀ ਦੇ ਰਹੇ ਹੋਣ। ਟਰੰਪ ਨੇ ਪੋਰਟਲੈਂਡ ਦੇ ਮੇਅਰ ਵ੍ਹੀਲਰ ਨੂੰ ਇਕ ਡੈਮੋਕਰੇਟ, ਇਕ ਮੂਰਖ ਕਹਿ ਕੇ ਹਿੰਸਾ ਦਾ ਦੋਸ਼ੀ ਠਹਿਰਾਇਆ ਅਤੇ ਕਿਹਾ ਸੀ ਕਿ ਦੇਸ਼ ਦੇ ਦੂਜੇ ਰਾਜਾਂ ਵਾਂਗ ਪੋਰਟਲੈਂਡ ਦੇ ਲੋਕ ਵੀ ਕਾਨੂੰਨ ਦਾ ਰਾਜ ਚਾਹੁੰਦੇ ਹਨ, ਪ੍ਰੰਤੂ ਭੜਕਾਊ ਖੱਬੇ ਪੱਖੀ ਡੈਮੋਕ੍ਰੇਟ ਮੇਅਰ ਆਪਣੇ ਤਹਿਖਾਨੇ ਤੋਂ ਬਾਹਰ ਆ ਕੇ ਅਪਰਾਧ ਦੇ ਖ਼ਿਲਾਫ਼ ਬੋਲਣ ਲਈ ਵੀ ਤਿਆਰ ਨਹੀਂ। ਅਜਿਹਾ ਮੇਅਰ ਕਾਨੂੰਨ ਵਿਵਸਥਾ ਦੀ ਸਥਿਤੀ ਕੀ ਸੰਭਾਲੇਗਾ। ਇਸ ਦੌਰਾਨ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੇਟ ਉਮੀਦਵਾਰ ਬਿਡੇਨ ਨੇ ਕਿਹਾ ਕਿ ਪੋਰਟਲੈਂਡ ਦੀਆਂ ਸੜਕਾਂ ਉੱਤੇਸਾਰੀ ਰਾਤ ਅਸੀਂ ਜੋ ਹਿੰਸਾ ਦੇਖੀ, ਉਹ ਪ੍ਰਵਾਨ ਕਰਨ ਯੋਗ ਨਹੀਂ। ਅਸੀਂ ਅਜਿਹਾ ਦੇਸ਼ ਨਹੀਂ ਬਣਨਾ, ਜਿੱਥੇ ਲੋਕ ਆਪਸ ਵਿਚ ਲੜ ਰਹੇ ਹੋਣ। ਉਨ੍ਹਾਂ ਕਿਹਾ ਕਿ ਟਰੰਪ ਦੇ ਰਾਜ ਵਿਚ ਹਰ ਪਾਸੇ ਤਣਾਅ ਵਧਿਆ ਅਤੇ ਆਪਸੀ ਸਦਭਾਵਨਾ ਖ਼ਤਮ ਹੁੰਦੀ ਜਾ ਰਹੀ ਹੈ। ਪੋਰਟਲੈਂਡ ਵਿੱਚ ਬੀਤੇ ਸ਼ਨਿਚਰਵਾਰ ਨੂੰ ਝੜਪ ਦੌਰਾਨ ਮਾਰਿਆ ਗਿਆ ਵਿਅਕਤੀ ਸੱਜੇ ਪੱਖੀ ਗਰੁੱਪ 'ਪੈਟ੍ਰੀਆਟ ਪ੍ਰੇਅਰ' ਦਾ ਸਮਰਥਕ ਸੀ। ਵਾਸ਼ਿੰਗਟਨ ਦੇ ਇਸ ਗਰੁੱਪ ਦੇ ਫੇਸਬੁੱਕ ਪੇਜ ਅਨੁਸਾਰ ਮ੍ਰਿਤਕ ਵਿਅਕਤੀ ਜੋਏ ਬਿਸ਼ਪ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਪੁਲਿਸ ਅਨੁਸਾਰ ਉਸ ਵਿਅਕਤੀ ਨੂੰ ਛਾਤੀ ਵਿਚ ਗੋਲ਼ੀ ਮਾਰੀ ਗਈ ਸੀ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)

416-454-3031

647-784-8240

CANADIAN GLASS AND WINDOW

Email: tochisangha1@hotmail.com



MARVES HARDWOOD FLOORING

Services:
Fence - Hardwood Flooring
Stairs - Small Renovation

John

416-787-6551



jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



SAMRAI SIKH SANGAT SOCIETY

ਸਮਰਾਏ ਸਿੱਖ ਸੰਗਤ ਸੁਸਾਇਟੀ

ਸਤਿਕਾਰ ਯੋਗ ਸਰਦਾਰ ਜੀ ਅਤੇ ਸਰਦਾਰਨੀ ਜੀ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਬਾ ਸਾਂਈ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਧਿਆਨ ਦਾਸ ਜੀ ਅਤੇ ਬਾਬਾ ਗੁਪਾਲ ਸਿੰਘ ਜੀ ਦੀ ਬਰਸੀ 13 ਸਤੰਬਰ ਦਿਨ ਐਤਵਾਰ ਨੂੰ ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਈ ਜਾ ਰਹੀ ਹੈ। ਸੰਤਾਂ ਮਹਾਂ ਪੁਰਸ਼ਾਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਜਾਪ 11 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 13 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪੇਣਗੇ। ਆਪ ਆਪਣੇ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ

Sikh Spiritual Centre Rexdale
Address: 9 Carrier Dr, Etobicoke, ON M9V 4B2 Phone: (416) 746-6666

Link to join: https://www.samraisangattorontocanada.com/live-stream/

ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਰਜੀਤ ਸਿੰਘ ਸਮਰਾ 289-828-2117
ਮਹਿੰਦਰ ਸਿੰਘ ਸਮਰਾ 416-271-8477



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਕੁਝ 'ਸਵਾਲਾਂ ਦਾ ਜਵਾਬ' ਸਾਨੂੰ ਜਾਣਨਾ ਹੀ ਹੋਵੇਗਾ

-ਆਕਾਰ ਪਟੇਲ

ਸੀ ਬੀ ਆਈ ਨੇ ਅਭਿਨੇਤਾ ਸੁਸ਼ਾਂਤ ਸਿੰਘ ਰਾਜਪੂਤ ਦੀ ਖ਼ੁਦਕੁਸ਼ੀ ਦੇ ਕੇਸ ਦੀ ਜਾਂਚ ਬਾਰੇ ਪੰਜ ਟੀਮਾਂ ਬਣਾਈਆਂ ਹਨ। ਮੈਨੂੰ ਨਹੀਂ ਪਤਾ ਕਿ ਆਖਿਰ ਕਿਉਂ ਸੀ ਬੀ ਆਈ ਇਸ ਕੇਸ ਦੀ ਜਾਂਚ ਕਰ ਰਹੀ ਹੈ। ਨਾ ਮੈਨੂੰ ਇਹ ਸਮਝ ਆਈ ਹੈ ਕਿ ਇਸ ਕੇਸ ਵਿੱਚ ਲੋਕਾਂ ਦੀ ਵਧੇਰੇ ਰੁਚੀ ਕਿਉਂ ਹੈ? ਮੈਨੂੰ ਦੱਸਿਆ ਗਿਆ ਹੈ ਕਿ ਅਜਿਹਾ ਇਸ ਲਈ ਹੈ ਕਿ ਬਿਹਾਰ ਵਿੱਚ ਚੋਣਾਂ ਦੇ ਨਾਲ ਕੁਝ ਸਿਆਸੀ ਕਾਰਨ ਜੋੜੇ ਗਏ ਹਨ। ਜੇ ਅਜਿਹਾ ਕੁਝ ਹੈ ਤਾਂ ਮੈਂ ਇਹ ਸਮਝ ਨਹੀਂ ਸਕਿਆ ਕਿ ਇਹ ਆਖਿਰ ਕਿਉਂ ਹੋ ਰਿਹਾ ਹੈ?

ਭਾਰਤ ਵਿੱਚ ਬਿਹਾਰ ਸਭ ਤੋਂ ਪੁਰਾਣਾ ਸਿਆਸੀ ਸੱਤਾ ਦਾ ਕੇਂਦਰ ਰਿਹਾ ਹੈ। ਅਜਿਹਾ ਚੰਦਰਗੁਪਤ ਮੌਰੀਆ ਅਤੇ ਚਾਣਕੀਆ ਦੇ ਸਮੇਂ ਤੋਂ ਹੈ। ਕੀ ਅਜਿਹੇ ਕੇਸ 'ਤੇ ਵੋਟ ਪਾਉਣ ਲਈ ਬਿਹਾਰੀ ਇੰਨੇ ਮੂਰਖ ਹਨ? ਸ਼ਾਇਦ ਹਨ। ਮੈਨੂੰ ਇਹ ਜਾਣ ਕੇ ਨਿਰਾਸ਼ਾ ਹੋਵੇਗੀ ਕਿ ਇਹੀ ਮਾਮਲਾ ਹੈ। ਵਿਸ਼ਵ ਵਿੱਚ ਬਿਹਾਰ ਸਭ ਤੋਂ ਗਰੀਬ ਹਿੱਸਿਆਂ ਵਿੱਚੋਂ ਇੱਕ ਹੈ। ਬਿਹਾਰ ਦੋ ਪਾਰਟੀਆਂ ਵੱਲੋਂ ਚਲਾਇਆ ਗਿਆ ਹੈ ਜੋ ਦਹਾਕਿਆਂ ਤੋਂ ਇਹੀ ਰਿਵਾਜ ਰਿਹਾ ਹੈ। ਕੀ ਲੋਕ ਬਾਲੀਵੁੱਡ ਈਵੈਂਟ 'ਤੇ ਆਧਾਰਤ ਵੋਟਾਂ ਪਾਉਣਗੇ? ਜੇ ਅਜਿਹਾ ਹੋਇਆ ਤਾਂ ਇਹ ਅਜੀਬ ਹੋਵੇਗਾ।

ਦੋ ਹੋਰ ਕਾਰਨ ਵੀ ਨਜ਼ਰ ਆਉਂਦੇ ਹਨ, ਜੋ ਇਸ ਕਹਾਣੀ ਨੂੰ ਅੱਗੇ ਵਧਾਉਣ ਦਾ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਪੁੱਤਰ ਉੱਤੇ ਨਿਸ਼ਾਨਾ ਲਾਇਆ ਗਿਆ ਹੈ। ਦੂਸਰਾ ਇਹ ਹੈ ਕਿ ਬਾਲੀਵੁੱਡ ਦੇ ਮੁਸਲਿਮ ਅਭਿਨੇਤਾਵਾਂ ਨਾਲ ਗੱਲਾਂ ਜੁੜੀਆਂ ਹੋਈਆਂ ਹਨ। ਇਹ ਮੈਨੂੰ ਵੱਧ ਸਹੀ ਲੱਗਦਾ ਹੈ। ਇਹ ਸਰਕਾਰ ਮੁਸਲਿਮ ਵਿਰੋਧੀ ਹੈ ਅਤੇ ਉਨ੍ਹਾਂ ਉਤੇ ਹਮਲਾ ਕਰਨ ਲਈ ਕੋਈ ਵੀ ਝੂਠ ਬੋਲ ਸਕਦੀ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ, ਪਰ ਵੋਟਰਾਂ ਦੀ ਰੁਚੀ ਦੇ ਸਵਾਲ 'ਤੇ ਮੁੜਦੇ ਹੋਏ ਮੇਰੇ ਦੋਸਤ ਸ਼ੇਖਰ ਗੁਪਤਾ ਨੇ ਇਸ ਹਫ਼ਤੇ ਲਿਖਿਆ ਸੀ ਕਿ ਪ੍ਰਧਾਨ ਮੰਤਰੀ ਮੋਦੀ 2024 ਵਿੱਚ ਸੱਤਾ ਵਿੱਚ ਮੁੜ ਆਉਣਗੇ, ਜੇ ਉਦੋਂ ਤੱਕ ਉਹ ਆਪਣੇ ਉਪਰ ਕੋਈ ਨੁਕਸਾਨ ਨਾ ਥੋਪ ਦੇਣ। ਗੁਪਤਾ ਦਾ ਤਰਕ ਜਿੱਥੋਂ ਤੱਕ ਮੈਂ ਸਮਝਦਾ ਹਾਂ, ਇਹ ਹੈ ਕਿ ਵੋਟਰ 'ਤੇ ਥੋਪਿਆ ਨੁਕਸਾਨ ਅਰਥ ਨਹੀਂ ਰੱਖਦਾ, ਕਿਉਂਕਿ ਵੋਟਰ ਅਜਿਹੀਆਂ ਚੀਜ਼ਾਂ, ਜਿਵੇਂ ਅਰਥ ਵਿਵਸਥਾ ਦਾ ਧੜੱਮ ਡਿੱਗਣਾ, ਬੇਰੋਜ਼ਗਾਰੀ ਵਧਣੀ, ਚੀਨ ਵੱਲੋਂ ਸਾਡੀ ਜ਼ਮੀਨ 'ਤੇ ਕਬਜ਼ਾ ਕਰਨਾ ਤੇ ਕੋਵਿਡ ਮਹਾਮਾਰੀ ਕਾਬੂ ਕਰਨ ਵਿੱਚ ਸਰਕਾਰ ਦਾ ਅਸਫਲ ਹੋਣਾ, ਦਾ ਧਿਆਨ ਨਹੀਂ ਰੱਖਦਾ। ਗੁਪਤਾ ਨੇ ਵਿਸਥਾਰ ਵਿੱਚ ਇਹ ਨਹੀਂ ਦੱਸਿਆ ਕਿ ਉਹ ਇਸ ਨਤੀਜੇ 'ਤੇ ਕਿਵੇਂ ਪਹੁੰਚੇ ਹਨ, ਪਰ ਉਨ੍ਹਾਂ ਨੇ ਇਹ ਕਿਹਾ ਕਿ ਚੰਗੇ ਟਰੈਕ ਰਿਕਾਰਡ 'ਤੇ ਇੱਕ ਸਰਵੇ ਦੱਸਦਾ ਹੈ ਕਿ ਮੋਦੀ ਪ੍ਰਸਿੱਧੀ ਦੀ ਸਿਖਰ 'ਤੇ ਸਨ। ਇੱਕ ਵਾਰ ਫਿਰ ਮੈਂ ਨਹੀਂ ਜਾਣਦਾ ਕਿ ਅਜਿਹਾ ਮਾਮਲਾ ਹੋ ਸਕਦਾ ਹੈ, ਪਰ ਇਹ ਦਿਲਚਸਪ ਹੋਵੇਗਾ, ਜੇ ਅਜਿਹਾ ਹੋਇਆ ਸੀ।

ਭਾਰਤ ਦੀ ਜੀ ਡੀ ਪੀ ਜਨਵਰੀ 2018 ਤੋਂ ਢਲਾਣ 'ਤੇ ਹੈ, ਜੋ ਲਗਾਤਾਰ ਨੌਂ ਤਿਮਾਹੀਆਂ ਲਈ ਹੈ। ਇਹ ਮੋਦੀ ਦੇ ਆਪਣੇ ਅੰਕੜਿਆਂ 'ਤੇ ਆਧਾਰਿਤ ਹੈ। ਬੇਰੋਜ਼ਗਾਰੀ ਉਚੇ ਪੱਧਰ 'ਤੇ ਹੈ, ਜੋ ਇੱਕ ਵਾਰ ਫਿਰ ਸਰਕਾਰ ਦੇ ਅੰਕੜਿਆਂ ਅਨੁਸਾਰ ਹੈ। ਇਹ ਵੀ ਅਸਪੱਸ਼ਟ ਹੈ ਕਿ ਮੋਦੀ ਨੇ ਜਦ ਕਿਹਾ ਕਿ ਚੀਨ ਨੇ ਕੋਈ ਘੁਸਪੈਠ ਨਹੀਂ ਕੀਤੀ, ਪਰ ਅੱਜ ਵੀ ਅਸੀਂ ਚੀਨ ਦੇ ਨਾਲ ਸੰਘਰਸ਼ ਕਰ ਰਹੇ ਹਾਂ ਤੇ ਉਸ ਨੂੰ ਆਪਣੀ ਜ਼ਮੀਨ ਤੋਂ ਵਾਪਸ ਜਾਣ ਨੂੰ ਕਹਿ ਰਹੇ ਹਾਂ। ਸਾਡੇ ਜਨਰਲ ਅੱਧੀ ਦਰਜਨ ਬੈਠਕਾਂ ਪਹਿਲਾਂ ਹੀ ਚੀਨ ਨਾਲ ਕਰ ਚੁੱਕੇ ਹਨ। ਜੇ ਚੀਨ ਸਾਡੇ ਇਲਾਕੇ 'ਤੇ ਨਹੀਂ ਬੈਠਾ ਹੋਇਆ ਤਾਂ ਉਸ ਨਾਲ ਗੱਲਬਾਤ ਕਰਨ ਦਾ ਕੀ ਕਾਰਨ ਹੋ ਸਕਦਾ ਹੈ।

ਕੋਵਿਡ ਮਹਾਮਾਰੀ ਦੇ ਅੰਕੜੇ ਵੀ ਸਪੱਸ਼ਟ ਹਨ। ਕੇਸਾਂ ਦੀ ਗਿਣਤੀ ਦੇ ਵਿੱਚ ਅਸੀਂ ਦੁਨੀਆ ਵਿੱਚ ਤੀਸਰੇ ਸਥਾਨ 'ਤੇ ਹਾਂ। ਰੋਜ਼ਾਨਾ ਕੇਸਾਂ ਦੇ ਕੇਸਾਂ ਵਿੱਚ ਅਸੀਂ ਨੰਬਰ 1 ਹਾਂ ਅਤੇ ਸ਼ਾਇਦ ਅਸੀਂ ਦੁਨੀਆ ਵਿੱਚ ਸਭ ਤੋਂ ਵੱਧ ਇਨਫੈਕਟਿਡ ਲੋਕਾਂ ਦੇ ਕੇਸਾਂ ਵਿੱਚ ਵੀ ਪਹਿਲੇ ਸਥਾਨ 'ਤੇ ਆ ਜਾਈਏ। ਇਹ ਰਿਕਾਰਡ ਉਸ ਸਰਕਾਰ ਜਾਂ ਫਿਰ ਉਸ ਪ੍ਰਧਾਨ ਮੰਤਰੀ ਦਾ ਹੈ, ਜੋ ਪ੍ਰਸਿੱਧ ਹੈ। ਕਿਸੇ ਦੂਸਰੇ ਦੇਸ਼ ਵਿੱਚ ਇਹ ਸਿਆਸੀ ਆਫਤ ਦਾ ਸੰਕੇਤ ਹੋ ਸਕਦਾ ਹੈ। ਕੀ ਅਸੀਂ ਫੇਸਬੁੱਕ ਜਾਂ ਫਿਰ ਟਵਿਟਰ ਨੂੰ ਚਲਾਉਣ ਵਾਂਗ ਵੋਟ ਦੇ ਦੇਈਏ। ਕੀ ਸਾਡੀ ਵੋਟਿੰਗ ਰਾਹੀਂ ਕੀਤੀ ਗਈ ਸਿਆਸੀ ਕਿਰਿਆ ਪ੍ਰਦਰਸ਼ਨ ਦੇ ਆਧਾਰ 'ਤੇ ਨਹੀਂ, ਅਕਸ ਦੇ ਆਧਾਰ 'ਤੇ ਹੋਵੇ? ਯਕੀਨਨ ਇਹ ਠੀਕ ਨਹੀਂ। ਨਿਸ਼ਚਿਤ ਤੌਰ 'ਤੇ ਮੇਰੇ ਲਈ ਤਾਂ ਇਹ ਉਚਿਤ ਨਹੀਂ। ਕਿੰਨੇ ਲੋਕ ਆਮ ਤੌਰ 'ਤੇ ਇਸ ਢੰਗ ਨਾਲ ਸੋਚਦੇ ਹਨ!

ਮੈਨੂੰ ਮੇਰੀ ਜ਼ਿੰਦਗੀ ਵਿੱਚ ਅਜਿਹਾ ਵਿਗੜਿਆ ਕੋਈ ਸਮਾਂ ਯਾਦ ਨਹੀਂ ਆਉਂਦਾ ਜਦੋਂ ਸਾਡੇ ਕੋਲ ਅਜਿਹੀ ਵਿਗੜੀ ਹੋਈ ਅਰਥ ਵਿਵਸਥਾ, ਬੇਰੋਜ਼ਗਾਰੀ, ਇੱਕ ਕੌਮੀ ਆਫਤ ਅਤੇ ਸਾਡੇ ਘਰ ਅੰਦਰ ਪਹੁੰਚ ਚੁੱਕੇ ਦੁਸ਼ਮਣ ਵਰਗੀਆਂ ਗੱਲਾਂ ਹੋਈਆਂ ਹੋਣ। ਅਜਿਹੇ ਕੇਸਾਂ 'ਤੇ ਅਸੀਂ ਘੱਟ ਰੁਚੀ ਦਿਖਾਈਏ, ਪਰ ਦੂਸਰੇ ਪਾਸੇ ਬਾਲੀਵੁੱਡ ਅਤੇ ਮੰਦਰਾਂ ਵਰਗੇ ਮੁੱਦਿਆਂ 'ਤੇ ਆਪਣਾ ਧਿਆਨ ਕੇਂਦਰਿਤ ਕਰੀਏ! ਕੀ ਅਸੀਂ ਅਸਲ ਵਿੱਚ ਅਜਿਹੇ ਨਾਗਰਿਕ, ਵਿਅਕਤੀ ਜਾਂ ਵੋਟਰ ਹਾਂ? ਮੈਂ ਆਸ ਕਰਦਾ ਹਾਂ ਕਿ ਏਦਾਂ ਨਹੀਂ। ਮੈਂ ਨਹੀਂ ਸੋਚਦਾ ਕਿ ਸਾਡੀ ਨੌਜਵਾਨ ਪੀੜ੍ਹੀ ਯਕੀਨਨ ਜਾਂ ਫਿਰ ਅਗਲੀ ਪੀੜ੍ਹੀ ਦੇਸ਼ ਦੀ ਸੁਰੱਖਿਆ, ਸਿਹਤ, ਰੋਜ਼ਗਾਰ ਤੇ ਭਵਿੱਖ ਪ੍ਰਤੀ ਚਿੰਤਤ ਨਹੀਂ ਹੋਵੇਗੀ। ਕੀ ਉਹ ਬਾਲੀਵੁੱਡ ਵਿੱਚ ਜ਼ਿਆਦਾ ਦਿਲਚਸਪੀ ਦਿਖਾਉਣਗੇ। ਮੇਰੇ ਕੋਲ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ, ਪਰ ਇਨ੍ਹਾਂ ਸਵਾਲਾਂ ਦਾ ਜਵਾਬ ਸਾਨੂੰ ਜਾਣਨਾ ਹੋਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨਿਆਂ ਵਿੱਚ ਦੇਰੀ ਅਸਲ ਵਿੱਚ ਨਿਆਂ ਤੋਂ ਵਾਂਝਾ ਹੋਣਾ ਹੈ

-ਪ੍ਰਿਯੰਕਾ ਸੌਰਭ-

ਸੁਪਰੀਮ ਕੋਰਟ ਤੋਂ ਲੈ ਕੇ ਹੇਠਲੀਆਂ ਅਦਾਲਤਾਂ ਤੱਕ ਕੇਸਾਂ ਦੇ ਅਟਕੇ ਰਹਿਣ ਉੱਤੇ ਉਪ ਰਾਸ਼ਟਰਪਤੀ ਐਮ ਵੈਕਈਆ ਨਾਇਡੂ ਨੇ ਚਿੰਤਾ ਜ਼ਾਹਿਰ ਕੀਤੀ ਤੇ ਸਰਕਾਰ ਅਤੇ ਨਿਆਂ ਪਾਲਿਕਾ ਨੂੰ ਨਿਆਂ 'ਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਨਿਆਂ ਦੀ ਗਤੀ ਤੇਜ਼ ਅਤੇ ਸਸਤੀ ਵਿਵਸਥਾ ਕਰਨ ਦੀ ਲੋੜ ਦੱਸੀ ਹੈ। ਲੰਮਾ ਸਮਾਂ ਕੇਸਾਂ ਦੇ ਸਟੇਅ ਦਾ ਹਵਾਲਾ ਦੇ ਕੇ ਉਨ੍ਹਾਂ ਕਿਹਾ ਕਿ ਨਿਆਂ ਮਹਿੰਗਾ ਹੋ ਰਿਹਾ ਹੈ ਅਤੇ 'ਨਿਆਂ ਵਿੱਚ ਦੇਰੀ ਨਿਆਂ ਤੋਂ ਵਾਂਝਾ ਹੋਣਾ ਹੈ।' ਉਪ-ਰਾਸ਼ਟਰਪਤੀ ਨੇ ਟਿੱਪਣੀ ਕੀਤੀ ਕਿ ਪਬਲਿਕ ਇੰਟਰੈਸਟ ਲਿਟੀਗੇਸ਼ਨਸ ਨਿੱਜੀ, ਆਰਥਿਕ ਅਤੇ ਸਿਆਸੀ ਹਿੱਤਾਂ ਲਈ ਨਿੱਜੀ ਹਿੱਤ ਪਟੀਸ਼ਨ ਨਹੀਂ ਬਣਨੀ ਚਾਹੀਦੀ।

ਉਂਜ ਸੁਪਰੀਮ ਕੋਰਟ ਵਿੱਚ ਅਟਕੇ ਕੇਸਾਂ ਬਾਰੇ ਪਿਛਲੇ ਕਾਫੀ ਸਮੇਂ ਤੋਂ ਬਹਿਸ ਜਾਰੀ ਹੈ। ਇਸ ਵਕਤ ਸੁਪਰੀਮ ਕੋਰਟ 'ਚ 60.450 ਕੇਸ ਫਸੇ ਹੋਏ ਹਨ। ਹਾਈ ਕੋਰਟਾਂ 'ਚ 45,12,800 ਕੇਸ ਹਨ, ਜਿਨ੍ਹਾਂ 'ਚੋਂ 85 ਫੀਸਦੀ ਪਿਛਲੇ ਇੱਕ ਸਾਲ ਤੋਂ ਅਟਕੇ ਹੋਏ ਹਨ। 2,89,96,000 ਤੋਂ ਵੱਧ ਕੇਸ ਦੇਸ਼ ਦੀਆਂ ਵੱਖ-ਵੱਖ ਹੇਠਲੀਆਂ ਅਦਾਲਤਾਂ 'ਚ ਅਟਕੇ ਹੋਏ ਹਨ। ਇਨ੍ਹਾਂ ਸਿਵਲ ਕੇਸਾਂ ਦੇ ਮੁਕਾਬਲੇ ਅਪਰਾਧਿਕ ਕੇਸ ਵੱਧ ਹਨ, ਜੋ ਆਪਣੇ-ਆਪ 'ਚ ਇੱਕ ਵੱਡੀ ਚਿੰਤਾ ਹੈ।

ਨਿਆਂ ਅਧਿਕਾਰੀਆਂ ਦੇ ਖਾਲੀ ਅਹੁਦੇ ਭਰਨ 'ਚ ਦੇਰੀ ਕਾਰਨ ਹੇਠਲੀਆਂ ਅਦਾਲਤਾਂ 'ਚ ਲੱਗਭਗ 6000 ਅਹੁਦੇ ਖਾਲੀ ਪਏ ਹਨ। ਭਾਰਤ 'ਚ ਪ੍ਰਤੀ ਮਿਲੀਅਨ ਆਬਾਦੀ 'ਤੇ ਕੁੱਲ 20 ਜੱਜ ਹਨ। ਕਾਨੂੰਨ ਕਮਿਸ਼ਨ ਨੇ ਪ੍ਰਤੀ ਮਿਲੀਅਨ 50 ਜੱਜਾਂ ਦੀ ਸਿਫਾਰਿਸ਼ ਕੀਤੀ ਸੀ। ਵਾਰ-ਵਾਰ ਸਟੇਅ ਕੇਸਾਂ ਦੀ ਵਧਦੀ ਪੈਂਡੈਂਸੀ ਕਾਰਨ ਅਦਾਲਤਾਂ ਵੱਲੋਂ ਸੁਣੇ ਜਾਣ ਵਾਲੇ ਕੇਸਾਂ 'ਚੋਂ 50 ਫੀਸਦੀ ਤੋਂ ਵੱਧ ਕੇਸਾਂ 'ਚ ਜ਼ਿਆਦਾਤਰ ਤਿੰਨ ਸਟੇਅ ਦੀ ਇਜਾਜ਼ਤ ਦੇਣ ਦੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਜਾਂਦੀ, ਕੀਤੀ ਜਾਵੇ ਤਾਂ ਸਮੱਸਿਆ ਨੂੰ ਸੁਲਝਾ ਸਕਦੀ ਹੈ। ਹੇਠਲੀਆਂ ਅਦਾਲਤਾਂ ਤੋਂ ਅਪੀਲ ਰਾਹੀਂ ਸੁਪਰੀਮ ਕੋਰਟ ਦੀਆਂ ਵਾਧੂ ਗਤੀਵਿਧੀਆਂ ਨੂੰ ਚਲਾਇਆ ਜਾਂਦਾ ਹੈ। ਸਪੈਸ਼ਲ ਲੀਵ ਪਟੀਸ਼ਨ (ਐਸ ਐਲ ਪੀ), ਜਿਸ ਤੋਂ ਸੰਵਿਧਾਨ ਸਭਾ ਨੂੰ ਆਸ ਸੀ ਕਿ ਸ਼ਾਇਦ ਹੀ ਕਦੀ ਵਰਤੀ ਜਾਵੇਗੀ, ਪਰ ਉਹ ਸੁਪਰੀਮ ਕੋਰਟ ਦੇ ਕੰਮ ਨੂੰ ਬੌਣਾ ਬਣਾਉਂਦੀ ਹੈ।

ਸੁਪਰੀਮ ਕੋਰਟ ਦੇ ਕਾਰਜ ਸਾਲ 'ਚ ਔਸਤ 188 ਦਿਨ ਹੁੰਦੇ ਹਨ ਅਤੇ ਹਾਈ ਕੋਰਟ ਦੇ ਨਿਯਮ 225 ਦਿਨਾਂ ਦੇ ਘੱਟੋ-ਘੱਟ ਕੰਮ ਨੂੰ ਨਿਰਦੇਸ਼ਿਤ ਕਰਦੇ ਹਨ। ਅਦਾਲਤਾਂ ਦੇ ਕਾਰਜ-ਵਿਧੀ ਸੁਧਾਰ ਕਰਨ, ਕੇਸ ਦੇ ਅੰਦੋਲਨ ਤੇ ਜੁਡੀਸ਼ਲ ਸਮੇਂ ਨੂੰ ਅਨੁਕੂਲ ਕਰਨ 'ਚ ਮਦਦ ਕਰਨ ਲਈ ਅਦਾਲਤ ਦੇ ਪ੍ਰਬੰਧਕਾਂ ਲਈ ਨਵੇਂ ਅਹੁਦੇ ਬਣਾਏ ਹਨ। ਅਜੇ ਤੱਕ ਸਿਰਫ ਕੁਝ ਅਦਾਲਤਾਂ ਨੇ ਅਜਿਹੇ ਅਹੁਦਿਆਂ ਨੂੰ ਭਰਿਆ ਹੈ।

ਸਬੂਤ ਇਕੱਠੇ ਕਰਨ ਲਈ ਆਧੁਨਿਕ ਅਤੇ ਵਿਗਿਆਨਿਕ ਸਰੋਤਾਂ ਦੀ ਚਾਹਤ 'ਚ ਪੁਲਸ ਨੂੰ ਅਕਸਰ ਅਸਰਦਾਰ ਜਾਂਚ ਕਰਨ 'ਚ ਮਦਦ ਮਿਲਦੀ ਹੈ। ਲੋਕਾਂ ਨੂੰ ਆਪਣੇ ਅਧਿਕਾਰਾਂ ਅਤੇ ਉਨ੍ਹਾਂ ਪ੍ਰਤੀ ਰਾਜਾਂ ਦੀਆਂ ਜ਼ਿੰਮੇਵਾਰੀਆਂ ਦੇ ਬਾਰੇ ਵੱਧ ਜਾਗਰੂਕ ਬਣਾਉਣ ਦੇ ਨਾਲ ਉਹ ਕਿਸੇ ਵੀ ਉਲੰਘਣਾ ਜਾਂ ਕੇਸ 'ਚ ਜ਼ਿਆਦਾ ਵਾਰ ਅਦਾਲਤਾਂ 'ਚ ਜਾਂਦੇ ਹਨ।


ਕਾਨੂੰਨ ਦਾ ਰਾਜ ਬਣਾਈ ਰੱਖਣ ਤੇ ਨਿਆਂ ਤੱਕ ਪਹੁੰਚ ਦੇਣ ਲਈ ਕੇਸਾਂ ਦਾ ਸਮੇਂ 'ਤੇ ਨਿਪਟਾਰਾ ਜ਼ਰੂਰੀ ਹੈ। ਛੇਤੀ ਨਿਆਂ ਦੇਣਾ ਸਮਾਜਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਦਾ ਹੈ। ਕਮਜ਼ੋਰ ਨਿਆਂ ਪਾਲਿਕਾ ਦਾ ਸਮਾਜਿਕ ਵਿਕਾਸ ਉੱਤੇ ਨਾਂਹ-ਪੱਖੀ ਅਸਰ ਪੈਂਦਾ ਹੈ, ਜਿਸ ਕਾਰਨ ਪ੍ਰਤੀ ਵਿਅਕਤੀ ਆਮਦਨ ਘੱਟ ਹੁੰਦੀ ਹੈ, ਉਚ ਗਰੀਬੀ ਦਰ, ਗਰੀਬ ਜਨਤਕ ਬੁਨਿਆਦੀ ਢਾਂਚਾ ਅਤੇ ਉਚ ਅਪਰਾਧ ਦਰ ਹੁੰਦੀ ਹੈ।

ਦੇਰੀ ਨਾਲ ਮਿਲਿਆ ਨਿਆਂ ਮਨੁੱਖੀ ਅਧਿਕਾਰਾਂ ਨੂੰ ਪ੍ਰਭਾਵਤ ਕਰਦਾ ਹੈ। ਜੇਲ੍ਹਾਂ 'ਚ ਭੀੜ, ਪਹਿਲਾਂ ਹੀ ਬੁਨਿਆਦੀ ਸਹੂਲਤਾਂ ਦੀ ਕਮੀ, ਕੁਝ ਕੇਸਾਂ 'ਚ ਲੋੜ ਤੋਂ 150 ਫੀਸਦੀ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਚ ਆਉਂਦੇ ਹਨ। ਇਹ ਦੇਸ਼ ਦੀ ਅਰਥ-ਵਿਵਸਥਾ ਨੂੰ ਪ੍ਰਭਾਵਿਤ ਕਰਦਾ ਹੈ ਕਿਉਂਕਿ ਅਨੁਮਾਨ ਲਾਇਆ ਗਿਆ ਸੀ ਕਿ ਨਿਆਇਕ ਦੇਰੀ ਨਾਲ ਭਾਰਤ ਦਾ ਸਾਲਾਨਾ ਕੁਲ ਘਰੇਲੂ ਉਤਪਾਦ ਦਾ ਲੱਗਭਗ 1.5 ਫੀਸਦੀ ਖਰਚ ਹੁੰਦਾ ਹੈ। ਬੈਕਲਾਗ ਕਾਰਨ ਭਾਰਤ ਦੀਆਂ ਜ਼ਿਆਦਾਤਰ ਜੇਲ੍ਹਾਂ 'ਚ ਕੈਦੀਆਂ ਨੂੰ ਕੇਸ ਦੀ ਸੁਣਵਾਈ ਦਾ ਇੰਤਜ਼ਾਰ ਹੈ। ਲੋਕ ਟਰਾਇਲ ਦੀ ਲੰਮੀ ਪ੍ਰੇਸ਼ਾਨੀ 'ਚੋਂ ਲੰਘਣ ਦੀ ਬਜਾਏ ਪੁਲਸ ਅਧਿਕਾਰੀ ਨੂੰ ਰਿਸ਼ਵਤ ਦੇਣਗੇ। ਅਪਰਾਧੀ ਹੌਲੀ ਕਾਨੂੰਨ ਪ੍ਰਣਾਲੀ ਕਾਰਨ ਖੁੱਲ੍ਹੇ ਘੁੰਮਦੇ ਹਨ।

# ਪੇਕੇ ਘਰ ਦੀ ਸ਼ਾਨ ਹੁੰਦੀ ਹੈ ਭਾਬੀ

-ਰੇਣੂ ਕੌਸ਼ਲ-

ਹੰਸਾਂ ਨੇ ਤਾਂ ਮੋਤੀ ਚੁਗਣੇ, ਹਿਰਨਾਂ ਬਾਗੀਂ ਚਰਨਾ
ਨੀ ਨਣਦੇ ਭਾਬੀ ਬਿਨਾਂ, ਭਾਬੀ ਬਿਨਾਂ ਨੀ ਸਰਨਾ...



ਇਹ ਛੋਟੀ ਜਿਹੀ ਬੋਲੀ ਭਾਬੀ ਦੀ ਮਹੱਤਤਾ ਨੂੰ ਦਰਸਾ ਰਹੀ ਹੈ। ਆਮ ਧਾਰਨਾ ਹੈ ਕਿ ਮਾਪਿਆਂ ਨਾਲ ਪੇਕਾ ਘਰ ਹੱਸਦਾ-ਵੱਸਦਾ ਹੈ ਤਾਂ ਮਾਂ-ਬਾਪ ਨਾਲ ਹੀ ਪੇਕੇ, ਪੇਕੇ ਮੰਨੇ ਜਾਂਦੇ ਹਨ। ਵੈਸੇ ਇਸ ਗੱਲ ਵਿੱਚ ਬਹੁਤਾ ਦਮ ਨਹੀਂ ਹੈ। ਗ਼ੌਰ ਨਾਲ ਝਾਤੀ ਮਾਰੀਏ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜਦੋਂ ਧੀ ਵਿਆਹੀ ਜਾਂਦੀ ਹੈ ਤੇ ਘਰ ਵਿੱਚ ਇੱਕ ਨੂੰਹ ਆਉਂਦੀ ਹੈ, ਉਦੋਂ ਤੋਂ ਉਹ ਘਰ ਦੀ ਰਾਣੀ ਬਣ ਜਾਂਦੀ ਹੈ। ਘਰ ਦੇ ਨਿੱਕ-ਸੁੱਕ ਕੰਮਾਂ ਤੋਂ ਲੈ ਕੇ ਵੱਡੇ ਤੋਂ ਵੱਡੇ ਫੈਸਲੇ ਉਸ ਦੀ ਸਾਂਝ ਨਾਲ ਨਿਬੜਦੇ ਹਨ। ਘਰ ਦੀ ਦੇਖ ਰੇਖ ਤੋਂ ਲੈ ਕੇ ਸਿਆਣਿਆਂ ਅਤੇ ਬੱਚਿਆਂ ਦੀ ਹਰ ਲੋੜ ਨੂੰ ਪੂਰਾ ਕਰਨ ਲਈ ਸਵੇਰ ਤੋਂ ਸ਼ਾਮ ਤੱਕ ਉਹ ਨੱਠਦੀ-ਭੱਜਦੀ ਹੈ ਤੇ ਘਰ ਨੂੰ ਸਵਰਗ ਜਿਹਾ ਬਣਾਉਂਦੀ ਹੈ।

ਸਵਾਲ ਇਹ ਉਠਦਾ ਹੈ ਕਿ ਪੇਕੇ ਘਰ ਨੂੰ ਸੰਭਾਲਣ ਵਾਲੀ ਇਸ ਭਾਬੀ ਨਾਲ ਵੀ ਕਿਉਂ ਨਹੀਂ ਸਮਝੇ ਜਾਂਦੇ ਪੇਕੇ? ਰੱਬ ਹਰ ਬਜ਼ੁਰਗ ਮਾਂ-ਬਾਪ ਦੀ ਉਮਰ ਲੰਬੀ ਕਰੇ। ਵੀਰ ਅਤੇ ਭਾਬੀ ਵਿੱਚ ਇਨ੍ਹਾਂ ਮਾਪਿਆਂ ਦੀ ਝਲਕ ਵੇਖਦੇ ਰਹਿਣਾ ਹੀ ਸਿਆਣਪ ਹੁੰਦੀ ਹੈ। ਹਰ ਧੀ ਨੂੰ ਆਪਣੇ ਪਿਆਰ ਅਤੇ ਸਮਝ ਦੀਆਂ ਸਾਂਝਾ ਨਾਲ ਭਰਾ-ਭਰਜਾਈ ਦੇ ਮਨ ਵਿੱਚ ਆਪਣੀ ਜਗ੍ਹਾ ਬਣਾ ਲੈਣੀ ਚਾਹੀਦੀ ਹੈ। ਭਾਬੀਆਂ 'ਤੇ ਭਰਾਵਾਂ ਨੂੰ ਸਿਖਾਉਣ-ਪੜ੍ਹਾਉਣ ਦੇ ਦੋਸ਼ ਲਾਏ ਜਾਂਦੇ ਹਨ, ਪਰ ਕਿਉਂ ਨਾ ਉਹ ਮਾਹੌਲ ਸਿਰਜਿਆ ਜਾਵੇ ਕਿ ਭੈਣ ਦੇ ਅਸਲੀ ਸੁਭਾਅ ਨੂੰ ਜਾਣਦਿਆਂ ਵੀਰ ਆਪ ਮੁਹਾਰੇ ਹੀ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦੇਣ। ਵਿਆਹੀਆਂ ਧੀਆਂ ਵੱਲੋਂ ਮੰਗਣ 'ਤੇ ਹੀ ਸਲਾਹ ਦੇਣੀ ਚਾਹੀਦੀ ਹੈ। ਪੇਕੇ ਘਰ ਦੇ ਫੈਸਲਿਆਂ ਵਿੱਚ ਬਹੁਤੀ ਦਖਲ ਕਈ ਵਾਰ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੰਦਾ ਹੈ। ਜੇ ਕਿਤੇ ਮਾਪਿਆਂ ਵੱਲੋਂ ਭਾਬੀ ਨਾਲ ਦੁਰ-ਵਿਹਾਰ ਕੀਤਾ ਜਾ ਰਿਹਾ ਹੋਵੇ ਤਾਂ ਸਿਆਣੀ ਨਣਦ ਦੂਰਦਰਸ਼ੀ ਸਮਝ ਨਾਲ ਮਾਪਿਆਂ ਨੂੰ ਨੂੰਹ ਦਾ ਮਹੱਤਵ ਦੱਸ ਕੇ ਸਹੀ ਸੇਧ ਦੇ ਕੇ ਆਪਣੀ ਭਾਬੀ ਦੇ ਮਨ ਵਿੱਚ ਖਾਸ ਥਾਂ ਬਣਾ ਸਕਦੀ ਹੈ।

ਜੇ ਵੀਰ ਗਲਤੀ ਕਰੇ ਤਾਂ ਉਸ ਨੂੰ ਸਮਝਾਓ। ਇਨਸਾਨ ਗਲਤੀਆਂ ਦਾ ਪੁਤਲਾ ਹੈ। ਹਰ ਇਨਸਾਨ ਗਲਤੀ ਕਰ ਸਕਦਾ ਹੈ। ਭਾਬੀ ਵੀ ਇੱਕ ਇਨਸਾਨ ਹੈ। ਉਹ ਵੀ ਗਲਤ ਕਰ ਸਕਦੀ ਹੈ। ਉਸ ਨੂੰ ਮੁਆਫ ਕਰਨ ਦਾ ਮਾਦਾ ਰੱਖੋ। ਭਾਬੀ ਦੀਆਂ ਗਲਤੀਆਂ ਨੂੰ ਮੱਦੇਨਜ਼ਰ ਰੱਖ ਕੇ ਉਸ ਦੇ ਖਿਲਾਫ ਭਰਾ ਦੇ ਕੰਨ ਭਰਨ ਦੀ ਕੋਸ਼ਿਸ਼ ਕਰੋਗੇ ਤਾਂ ਭਰਾ-ਭਾਬੀ ਦੋਵਾਂ ਦੀਆਂ ਨਜ਼ਰਾਂ 'ਚ ਡਿੱਗ ਜਾਓਗੇ। ਭਾਬੀ ਦੀਆਂ ਖੁਸ਼ੀਆਂ ਦਾ ਖਿਆਲ ਰੱਖੋਗੇ ਤਾਂ ਭਰਾ ਵੱਧ ਚੜ੍ਹ ਕੇ ਪਿਆਰ ਸਤਿਕਾਰ ਦੇਵੇਗਾ। ਇੱਕ ਉਹੀ ਔਰਤ ਹੈ, ਜੋ ਘਰ ਦੇ ਸਿਆਣਿਆਂ ਦੀ ਸੇਵਾ ਕਰਦੀ ਹੈ ਤੇ ਉਨ੍ਹਾਂ ਬਜ਼ੁਰਗਾਂ ਨੂੰ ਸਾਂਭਦੀ-ਸਾਂਭਦੀ ਹੈ। ਤੁਸੀਂ ਹਰ ਵਕਤ ਆਪਣੇ ਮਾਪਿਆਂ ਕੋਲ ਉਨ੍ਹਾਂ ਦੀ ਦੇਖਭਾਲ ਲਈ ਨਹੀਂ ਰਹਿ ਸਕਦੇ। ਗੱਲੀਂ-ਬਾਤੀਂ ਭਾਬੀ ਦਾ ਸ਼ੁਕਰਾਨਾ ਕਰਦੇ ਰਹੋ, ਜੋ ਆਪਣੇ ਜੀ ਜਾਨ ਨਾਲ ਤੁਹਾਡੇ ਮਾਪਿਆਂ ਦੀ ਫਿਕਰ ਕਰਦੀ ਹੈ।

ਪੇਕੇ ਜਾ ਕੇ ਰੋਹਬ ਪਾਉਣ ਦੀ ਥਾਂ ਭਾਬੀ ਨਾਲ ਘਰ ਤੇ ਰਸੋਈ ਦੇ ਕੰਮਕਾਰ ਵਿੱਚ ਮਦਦ ਕਰੋ। ਕਹਿੰਦੇ ਹਨ ਕਿ ਭਰਜਾਈਆਂ ਤੋਂ ਪਾਣੀ ਮੰਗੋ ਤਾਂ ਦੁੱਧ ਦਿੰਦੀਆਂ ਹਨ। ਤੁਸੀਂ ਉਨ੍ਹਾਂ ਨੂੰ ਪਿਆਰ ਵੰਡੋਗੇ ਤਾਂ ਵਿਆਜ ਸਮੇਤ ਦੁੱਗਣਾ ਕਰ ਕੇ ਮੋੜਦੀਆਂ ਹਨ। ਉਨ੍ਹਾਂ ਨੂੰ ਪੇਕੇ ਘਰ ਦਾ ਤਾਜ ਬਣਾ ਕੇ ਰੱਖੋ। ਪੇਕੇ ਘਰ ਜਾਂਦੇ ਸਮੇਂ ਉਸ ਲਈ ਛੋਟੇ-ਮੋਟੇ ਤੋਹਫੇ ਜ਼ਰੂਰ ਲੈ ਕੇ ਜਾਓ ਤੇ ਤਾਰੀਫ ਦੇ ਦੋ ਮਿੱਠੜੇ ਬੋਲਾਂ ਨਾਲ ਉਸ ਨੂੰ ਖੁਸ਼ ਕਰਦੇ ਰਹੋ। ਭਾਬੀ ਹੀ ਹੈ ਜਿਸ ਨਾਲ ਪੇਕੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਭਾਬੀ ਹੈ ਤਾਂ ਹੀ ਪੇਕਾ ਘਰ ਖੁਸ਼ਬੂ ਵੰਡਦੇ ਫੁੱਲਾਂ ਵਾਂਗ ਖਿੜਿਆ ਰਹਿੰਦਾ ਹੈ। ਉਸ ਨੂੰ ਹਮੇਸ਼ਾ ਮਾਂ ਵਾਲੀ ਇੱਜ਼ਤ ਤੇ ਸਹੇਲੀ ਜਿਹਾ ਪਿਆਰ ਦਿਓ।

ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਧੀ ਵੀ ਹਿੱਸੇਦਾਰ ਹੈ ਮਾਪਿਆਂ ਦੀ ਜਾਇਦਾਦ ਵਿੱਚ। ਫੈਸਲਾ ਬਹੁਤ ਵਧੀਆ ਹੈ, ਪਰ ਇੱਕ ਵਾਰ ਇਹ ਵੀ ਸੋਚਣਾ ਬਣਦਾ ਹੈ ਕਿ ਜਦੋਂ ਮਰੀਜ਼ ਮਾਪਿਆਂ ਨੂੰ ਹਸਪਤਾਲ ਲਿਜਾਣਾ ਹੋਵੇ ਤਾਂ ਭਾਬੀ ਹੀ ਲੈ ਕੇ ਜਾਂਦੀ ਹੈ, ਇਸ ਲਈ ਭਾਬੀ ਹੱਥ ਹੀ ਰੱਖੋ ਘਰ ਦੀ ਚਾਬੀ।

ਮਿੰਨੀ ਕਹਾਣੀ

## ਮੌਕਾ

-ਗੁਰਮੀਤ ਸਿੰਘ ਮਰਾੜ੍ਹ

ਨਿਤਿਨ ਸਵੇਰ ਤੋਂ ਆਪਣਾ ਮੈਡੀਕਲ ਸਟੋਰ ਬੰਦ ਕਰ ਕੇ ਸਮਾਜ ਸੇਵੀ ਨੌਜਵਾਨਾਂ ਨਾਲ ਕੋਰੋਨਾ ਵਾਇਰਸ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਗਿਆ ਹੋਇਆ ਸੀ। ਇਹ ਨੌਜਵਾਨ ਥਾਂ ਥਾਂ ਪਹੁੰਚ ਕੇ ਲੋਕਾਂ ਨੂੰ ਬਚਾਅ ਵਾਸਤੇ ਦੱਸਦੇ ਹੋਏ ਮਾਸਕ ਅਤੇ ਹੋਰ ਸਾਮਾਨ ਵੰਡ ਰਹੇ ਸਨ। ਘਰੇ ਦਵਾਰਕਾ ਦਾਸ ਲੋਹਾ ਲਾਖਾ ਹੋਇਆ ਵਾਰ ਵਾਰ ਪਤਨੀ ਨੂੰ ਝਿੜਕ ਰਿਹਾ ਸੀ, "ਮੈਂ ਇਸ ਵਾਂਗ ਗੇੜੇ ਕੱਢਦਾ ਰਹਿੰਦਾ ਤਾਂ ਚੱਲ ਪਿਆ ਸੀ ਕੰਮ। ਮੈਂ ਹੀ ਸੀ ਇਸ ਦੁਕਾਨ ਤੋਂ ਪਲਾਟ, ਕੋਠੀਆਂ, ਟਰੱਕ ਤੱਕ ਪਾ ਲਏ, ਪਰ ਇਹ ਨਾਲਾਇਕ ਔਲਾਦ, ਮਸਾਂ ਮੌਕਾ ਮਿਲਦੈ ਇਹੋ ਜਿਹੀ ਕਮਾਈ ਦਾ।"

ਪਤਨੀ ਬਲੱਡ ਪ੍ਰੈਸ਼ਰ ਵੱਧ ਜਾਣ ਦੇ ਡਰੋਂ ਸਬਰ ਰੱਖਣ ਲਈ ਕਹਿ ਰਹੀ ਸੀ, ਪਰ ਦਵਾਰਕਾ ਦਾਸ ਨੂੰ ਚੈਨ ਕਿੱਥੋਂ। ਆਮ ਤੌਰ 'ਤੇ ਉਹ ਐਤਵਾਰ ਨੂੰ ਅੱਧੇ ਦਿਨ ਤੋਂ ਬਾਅਦ ਦੁਕਾਨ ਬੰਦ ਰੱਖਦੇ ਸਨ, ਪਰ ਹੁਣ ਜਦੋਂ ਬਿਮਾਰੀ ਦੇ ਡਰ ਕਾਰਨ ਲੋਕ ਧੜਾਧੜ ਸਾਮਾਨ ਖਰੀਦ ਰਹੇ ਸਨ ਤਾਂ ਇਹੋ ਜਿਹੇ ਮੌਕੇ ਹੀ ਪੰਜਾਂ ਦੇ ਪੰਜਾਹ ਬਣਦੇ ਨੇ, ਪਰ ਮੁੰਡਾ...।

ਕੁਝ ਦੇਰ ਬਾਅਦ ਨਿਤਿਨ ਆ ਗਿਆ ਤਾਂ ਬਾਊ ਜੀ ਫਿਰ ਸ਼ੁਰੂ ਹੋ ਗਏ ਤੇ ਵਾਰ ਵਾਰ ਮੌਕੇ ਨੂੰ ਸੰਭਾਲਣ ਸੰਬੰਧੀ ਬੋਲਣ ਲੱਗੇ। ਨਿਤਿਨ ਨੇ ਮੁਆਫੀ ਮੰਗ ਕੇ ਮਾਹੌਲ ਠੰਢਾ ਕੀਤਾ ਤੇ ਗੱਲ ਸ਼ੁਰੂ ਕੀਤੀ, "ਬਾਊ ਜੀ ਮੈਂ ਸੋਚਦਾ ਸੀ ਕਿ ਕਿਉਂ ਨਾ ਵਾਹਵਾ ਸਾਰੀਆਂ ਲੱਕੜਾਂ ਸੁਟਵਾ ਲਈਏ.....।"

ਮੁੰਡੇ ਦੀ ਗੱਲ ਅੱਧ ਵਿੱਚ ਸੀ ਕਿ ਬਾਊ ਜੀ ਬੋਲ ਉਠੇ, "ਕਾਹਦੇ ਵਾਸਤੇ, ਜਦੋਂ ਗੈਸ ਤੇ ਪੈਸੇ ਲਾਏ ਆ।"


ਨਿਤਿਨ ਨੇ ਫਿਰ ਆਪਣੀ ਗੱਲ ਸ਼ੁਰੂ ਕੀਤੀ, "ਨਹੀਂ ਬਾਊ ਜੀ, ਜੇ ਇਹ ਬਿਮਾਰੀ ਫੈਲ ਗਈ ਤਾਂ ਲੋਕਾਂ ਦੇ ਮਰਨ ਕਰ ਕੇ ਲੱਕੜਾਂ ਮਹਿੰਗੀਆਂ ਹੋ ਜਾਣੀਆਂ ਨੇ... ਪਤਾ ਨਹੀਂ ਮਿਲਣ ਵੀ ਕਿ ਨਾ। ਆਪਾਂ ਵੀ ਇਸ ਬਿਮਾਰੀ ਦੀ ਲਪੇਟ ਵਿੱਚ ਆ ਸਕਦੇ ਹਾਂ... ਕੀ ਪਤਾ ਕੀ ਹੋਣੈ। ਹੁਣ ਹੀ ਸਸਤੀਆਂ ਲੈ ਲਈਏ... ਚਾਰ ਪੈਸੇ ਵੀ ਬਚ ਜਾਣਗੇ। ਹੁਣ ਤਾਂ ਮੌਕਾ ਏ।" ਬਾਊ ਦਵਾਰਕਾ ਦਾਸ ਦੀ ਧੌਣ ਨੀਵੀਂ ਪੈ ਗਈ ਸੀ। ਮੱਥੇ ਵਿਚਲੀਆਂ ਤਿਉੜੀਆਂ ਚਿੰਤਾ ਵਿੱਚ ਬਦਲ ਗਈਆਂ ਸਨ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

ਫਾਰਮ ਵਿਚ ਕਾਮਿਆਂ ਦੀ ਲੋੜ
ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫ਼ਤੇ ਦੇ ਛੇ ਦਿਨ ਕੰਮ
ਸੰਪਰਕ: 647 765 4145

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal
Co-Host
Iqbal Mahal
Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative

Residential | Commercial | Investment
(416) 970-5005
Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005


- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਜਦੋਂ ਵੀ ਬਨੇਰੇ ਉਤੇ ਕਾਂ ਬੋਲਦਾ..

-ਸੁਖਵੀਰ ਸਿੰਘ ਕੰਗ

ਦੁਨੀਆਂ ਉੱਤੇ ਪਾਈ ਜਾਂਦੀ ਹਰ ਰਵਾਇਤ, ਕਹਾਵਤ ਜਾਂ ਮਨੌਤ ਦਾ ਖ਼ਾਸ ਪਿਛੋਕੜ ਹੁੰਦਾ ਹੈ ਜੋ ਕਿਸੇ ਤੱਥ ਉੱਤੇ ਆਧਾਰਿਤ ਹੁੰਦਾ ਹੈ। ਯੁੱਗਾਂ ਦੇ ਬਦਲਣ ਨਾਲ ਇਹ ਪਿਛੋਕੜ ਧੁੰਦਲੇ ਪੈ ਜਾਂਦੇ ਹਨ ਜਾਂ ਕਈ ਵਾਰ ਇਸਦੇ ਜ਼ਿੰਮੇਵਾਰ ਤੱਥ ਵਿਸਰ ਜਾਂਦੇ ਹਨ, ਪਰ ਰਵਾਇਤਾਂ ਜਾਂ ਮਨੌਤਾਂ ਚੱਲਦੀਆਂ ਰਹਿੰਦੀਆਂ ਹਨ। ਇਸ ਕਰਕੇ ਇਨ੍ਹਾਂ ਦੀ ਉਤਪਤੀ ਦਾ ਸਬੱਬ ਬਣਨ ਵਾਲੇ ਤੱਥਾਂ ਦਾ ਜ਼ਿਕਰ ਦੁਹਰਾਉਂਦੇ ਰਹਿਣਾ ਜ਼ਰੂਰੀ ਹੋ ਜਾਂਦਾ ਹੈ ਤਾਂ ਕਿ ਲੋਕ ਉਨ੍ਹਾਂ ਦੇ ਅਸਲ ਪਿਛੋਕੜ ਨੂੰ ਜਾਣ ਸਕਣ ਅਤੇ ਉਨ੍ਹਾਂ ਦੀ ਹੋਂਦ ਨੂੰ ਸਹੀ ਢੰਗ ਨਾਲ ਸੰਭਾਲ ਸਕਣ।

ਕਾਂ ਦਾ ਬਨੇਰੇ 'ਤੇ ਬੋਲਣਾ ਉਸ ਘਰ ਮਹਿਬੂਬ ਜਾਂ ਪ੍ਰਾਹੁਣੇ ਦੇ ਆਉਣ ਦਾ ਸੁਨੇਹਾ ਜਾਂ ਸੰਕੇਤ ਮੰਨਿਆ ਜਾਂਦਾ ਹੈ। ਇਸ ਮਨੌਤ ਦਾ ਪਿਛੋਕੜ ਸਾਲਾਂ ਜਾਂ ਸਦੀਆਂ ਨਹੀਂ, ਬਲਕਿ ਕਈ ਯੁੱਗਾਂ ਪੁਰਾਣਾ ਹੈ, ਜਿਸ ਦੇ ਤੱਥ ਸਿੰਧ ਘਾਟੀ ਅਤੇ ਮੈਸੋਪੋਟੀਮੀਆਂ ਦੀਆਂ ਸੱਭਿਆਤਾਵਾਂ ਦੇ ਝਰੋਖਿਆਂ ਵਿੱਚੋਂ ਦਿਸਦੇ ਮਨੁੱਖੀ ਜੀਵਨ ਵਿੱਚ ਲੱਭਦੇ ਹਨ। ਇਨ੍ਹਾਂ ਸੱਭਿਆਤਾਵਾਂ ਦੇ ਦੌਰ ਵਿੱਚ ਮਨੁੱਖੀ ਜੀਵਨ ਰੁੱਖਾਂ, ਜਾਨਵਰਾਂ ਅਤੇ ਪੰਛੀਆਂ ਦੇ ਕਾਫ਼ੀ ਨੇੜੇ ਹੋ ਕੇ ਵਿਚਰਦਾ ਸੀ। ਫਿਰ ਜਿਵੇਂ-ਜਿਵੇਂ ਸੱਭਿਆਤਾਵਾਂ ਦਾ ਵਿਕਾਸ ਹੋਇਆ ਤਾਂ ਹਥਿਆਰਾਂ, ਭਾਂਡਿਆਂ, ਖੇਤੀ, ਭੁੱਖ ਅਤੇ ਆਵਾਜਾਈ ਦੀ ਤਸਵੀਰ ਬਦਲਦੀ ਗਈ ਅਤੇ ਅੱਜ ਤੱਕ ਬਦਲ ਰਹੀ ਹੈ। ਸਿੰਧ ਘਾਟੀ ਅਤੇ ਮੈਸੋਪੋਟੀਮੀਆ ਦੇ ਮਨੁੱਖੀ ਜੀਵਨ ਦਾ ਵਿਕਾਸ ਜਦੋਂ ਦੋਵੇਂ ਤਹਿਜ਼ੀਬਾਂ ਦੇ ਆਪਸੀ ਵਪਾਰ ਤੱਕ ਪਹੁੰਚਿਆ ਤਾਂ ਉਦੋਂ ਤੱਕ ਆਵਾਜਾਈ ਦੇ ਸਾਧਨ ਪੈਦਲ, ਪਸ਼ੂਆਂ ਅਤੇ ਪਹੀਏ ਤੋਂ ਛੋਟੇ ਸਮੁੰਦਰੀ ਜਹਾਜ਼ਾਂ ਤੱਕ ਵਿਕਸਤ ਹੋ ਚੁੱਕੇ ਸਨ। ਦੋ ਸੱਭਿਆਤਾਵਾਂ ਦੇ ਆਪਸੀ ਵਪਾਰ ਦੀਆਂ ਯਾਤਰਾਵਾਂ ਲੰਬੀਆਂ ਹੁੰਦੀਆਂ ਸਨ ਅਤੇ ਸਮਾਂ ਵੀ ਬਹੁਤ ਲੈਂਦੀਆਂ ਸਨ। ਇਹ ਯਾਤਰਾਵਾਂ ਵੱਡੇ ਜੰਗਲਾਂ ਤੇ ਸਮੁੰਦਰਾਂ ਵਿੱਚੋਂ ਗੁਜ਼ਰਦੀਆਂ ਸਨ। ਸਮੁੰਦਰੀ ਵਪਾਰਕ ਯਾਤਰਾ ਲਈ ਵਰਤੇ ਜਾਂਦੇ ਛੋਟੇ ਸਮੁੰਦਰੀ ਜਹਾਜ਼ ਅਜੇ ਬਹੁਤੇ ਮਜ਼ਬੂਤ ਨਹੀਂ ਹੁੰਦੇ ਸਨ, ਇਸ ਕਰਕੇ ਉਹ ਸਮੁੰਦਰ ਦੇ ਕੰਢੇ-ਕੰਢੇ ਚੱਲਦੇ ਸਨ। ਕਈ ਵਾਰ ਸਮੁੰਦਰੀ ਤੂਫਾਨ ਇਨ੍ਹਾਂ ਨੂੰ ਧੱਕ ਕੇ ਸਮੁੰਦਰ ਦੇ ਅੰਦਰ ਦੂਰ ਤੱਕ ਲੈ ਜਾਂਦੇ ਸਨ। ਉਸ ਵੇਲੇ ਤੱਕ ਦਿਸ਼ਾ ਦੱਸਣ ਵਾਲੇ ਯੰਤਰ ਕੰਪਾਸ ਆਦਿ ਈਜਾਦ ਨਹੀਂ ਹੋਏ ਸਨ ਤੇ ਜਹਾਜ਼ ਦੇ ਸਵਾਰ ਲੋਕਾਂ ਨੂੰ ਪਤਾ ਨਹੀਂ ਲੱਗਦਾ ਸੀ ਕਿ ਕਿਨਾਰਾ ਕਿੱਧਰ ਹੈ। ਇਸ ਤਰ੍ਹਾਂ ਰਸਤਾ ਭਟਕਣ 'ਤੇ ਉਹ ਆਪਣੇ ਨਾਲ ਪਹਿਲਾਂ ਤੋਂ ਫੜ ਕੇ ਲਿਆਂਦੇ ਕਾਂ ਛੱਡ ਦਿੰਦੇ ਸਨ, ਕਿਉਂਕਿ ਕਾਂ ਦਿਨ ਵੇਲੇ ਹਮੇਸ਼ਾਂ ਮਨੁੱਖੀ ਵਸੋਂ ਵੱਲ ਉਡਦਾ ਹੈ। ਉਨ੍ਹਾਂ ਨੂੰ ਕਾਂ ਦੇ ਉਡਣ ਦੀ ਦਿਸ਼ਾ ਤੋਂ ਪਤਾ ਚੱਲ ਜਾਂਦਾ ਸੀ ਕਿ ਕਿਨਾਰਾ ਜਾਂ ਮਨੁੱਖੀ ਵਸੋਂ ਕਿਸ ਪਾਸੇ ਹੈ। ਇਸੇ ਤਰ੍ਹਾਂ ਜੰਗਲਾਂ ਵਿੱਚ ਵੀ ਰਸਤਾ ਭਟਕਣ 'ਤੇ ਜਾਂ ਮਨੁੱਖੀ ਵਸੋਂ ਲੱਭਣ ਵਾਸਤੇ ਇੱਕ ਜਾਂ ਵੱਧ ਕਾਵਾਂ ਨੂੰ ਛੱਡਿਆ ਜਾਂਦਾ ਸੀ। ਫਿਰ ਕਾਂ ਵਸੋਂ ਵਿੱਚ ਪਹੁੰਚ ਕੇ ਘਰਾਂ ਦੀਆਂ ਕੰਧਾਂ, ਬਨੇਰਿਆਂ ਉੱਤੇ ਬੈਠ ਕੇ ਰੌਲਾ ਪਾਉਂਦੇ ਤਾਂ ਉਨ੍ਹਾਂ ਦੇ ਲੋਕਾਂ ਨੂੰ ਅੰਦਾਜ਼ਾ ਹੋ ਜਾਂਦਾ ਸੀ ਕਿ ਕੋਈ ਆਉਣ ਵਾਲਾ ਹੈ। ਹਰ ਵਾਰੀ ਵਪਾਰੀਆਂ ਅਤੇ ਯਾਤਰੀਆਂ ਵੱਲੋਂ ਛੱਡੇ ਕਾਂ ਉਨ੍ਹਾਂ ਤੋਂ ਪਹਿਲਾਂ ਪਿੰਡ ਵਿੱਚ ਪਹੁੰਚ ਜਾਂਦੇ ਅਤੇ ਬੋਲਦੇ ਸਨ। ਇਸ ਤਰ੍ਹਾਂ ਉਹ ਕਿਸੇ ਦੀ ਆਮਦ ਦਾ ਸੁਨੇਹਾ ਬਣ ਜਾਂਦੇ ਸਨ।



ਉਨ੍ਹਾਂ ਸਮਿਆਂ ਵਿੱਚ ਇਹ ਵਪਾਰਕ ਯਾਤਰਾਵਾਂ ਦੂਰੀ ਤੈਅ ਕਰਨ ਲਈ ਸਮਾਂ ਬਹੁਤ ਲੈਂਦੀਆਂ ਸਨ ਤੇ ਸੰਚਾਰ ਦੇ ਸਾਧਨ ਵੀ ਨਹੀਂ ਸਨ। ਇਸ ਕਰਕੇ ਵਪਾਰਕ ਯਾਤਰਾਵਾਂ 'ਤੇ ਜਾਣ ਵਾਲੇ ਲੋਕ ਲੰਬਾ ਸਮਾਂ ਆਪਣੇ ਚਾਹੁਣ ਵਾਲਿਆਂ ਤੋਂ ਦੂਰ ਰਹਿੰਦੇ ਸਨ। ਪਿੱਛੇ ਉਨ੍ਹਾਂ ਦੇ ਪਰਵਾਰਾਂ ਨੂੰ ਆਪਣੇ ਮਹਿਬੂਬ ਦੀ ਲੰਬੀ ਉਡੀਕ ਕਰਨੀ ਪੈਂਦੀ ਸੀ। ਇਥੇ ਮਹਿਸੂਸ ਸ਼ਬਦ ਕੇਵਲ ਆਸ਼ਕਾਂ ਤੱਕ ਸੀਮਤ ਨਹੀਂ ਹੈ। ਸੁਨੇਹੇ ਦੇ ਮਾਮਲੇ ਵਿੱਚ ਭਾਵੇਂ ਕਬੂਤਰ ਵੀ ਰੁਮਾਂਟਿਕ ਕਹਾਣੀਆਂ ਦਾ ਹਿੱਸਾ ਰਿਹਾ ਹੈ, ਪਰ ਵਿਛੋੜੇ ਦੌਰਾਨ ਕਾਂ ਨੂੰ ਹੀ ਯਾਦ ਕੀਤਾ ਜਾਂਦਾ ਹੈ। ਜਦੋਂ ਔਂਸੀਆਂ ਪਾਉਣ ਦੀ ਹੱਦ ਤੱਕ ਕਿਸੇ ਦੀ ਉਡੀਕ ਹੋਵੇ ਤਾਂ ਕਾਂ ਦੇ ਬੋਲਣ ਤੋਂ ਲੈ ਕੇ ਹਰ ਆਹਟ ਮਹਿਬੂਬ ਦੇ ਆਉਣ ਦਾ ਭੁਲੇਖਾ ਪਾਉਂਦੀ ਹੈ:

* ਚੁੰਝ ਵੇ ਤੇਰੀ ਕਾਲਿਆ ਕਾਵਾਂ ਸੋਨੇ ਨਾਲ ਮੜ੍ਹਾਵਾਂ।
ਜਾਹ ਆਖੀਂ ਮੇਰੇ ਮਾਹੀਏ ਨੂੰ
ਮੈਂ ਨਿੱਤ ਔਂਸੀਆਂ ਪਾਵਾਂ।
* ਨੀਂ ਅੜੀਓ! ਕਾਗ ਬਨੇਰੇ ਬੋਲਿਆ।
ਮੇਰਾ ਔਂਸੀਆਂ ਪਾਉਂਦੀ ਦਾ,
ਨਰਮ ਕਾਲਜਾ ਡੋਲਿਆ।

ਜਦੋਂ ਤਹਿਜ਼ੀਬ ਬਦਲਦੀ ਹੈ ਤਾਂ ਤਰਜੀਹਾਂ ਵੀ ਬਦਲ ਜਾਂਦੀਆਂ ਹਨ। ਉਸ ਵੇਲੇ ਜਦੋਂ ਕਾਂ ਲੋਕਾਂ ਦੀ ਜ਼ਰੂਰਤ ਸੀ ਤਾਂ ਕਾਂ ਦੀ ਕਦਰ ਵੀ ਸੀ। ਦਿਸ਼ਾ ਦੱਸਣ ਵਾਲੇ ਯੰਤਰਾਂ ਦੀ ਖੋਜ ਹੋਣ ਨਾਲ ਕਾਂ ਦੀ ਜ਼ਰੂਰਤ ਖ਼ਤਮ ਹੋ ਗਈ ਤੇ ਸੰਚਾਰ ਦੇ ਵਿਕਸਤ ਹੋਣ ਨਾਲ ਹੋਰ ਕਦਰ ਘੱਟ ਗਈ ਤੇ ਕਾਂ ਘ੍ਰਿਣਾ ਦਾ ਪਾਤਰ ਬਣ ਗਿਆ ਕਿ ਇਹ ਗੰਦ ਖਾਂਦਾ ਹੈ, ਰੌਲਾ ਬਹੁਤ ਪਾਉਂਦਾ ਹੈ, ਇਹ ਚਲਾਕ ਹੈ, ਇਹ ਬੱਚਿਆਂ ਹੱਥੋਂ ਟੁੱਕ ਖੋਹ ਲੈਂਦਾ ਹੈ ਆਦਿ। ਬਾਬਾ ਫ਼ਰੀਦ ਦੇ ਸਲੋਕ ਵੀ ਇਸ ਗੱਲ ਦਾ ਜ਼ਿਕਰ ਕਰਦੇ ਹਨ:

ਫਰੀਦਾ ਤਨੁ ਸੁਕਾ ਪਿੰਜਰੁ ਥੀਆ
ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ
ਦੇਖੁ ਬੰਦੇ ਕੇ ਭਾਗ॥
ਕਾਗਾ ਕਰੰਗ ਢੰਢੋਲਿਆ
ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ
ਪਿਰ ਦੇਖਨ ਕੀ ਆਸ॥

ਸੱਭਿਅਤਾ ਤੇ ਸਧਾਨਾਂ ਦੇ ਵਿਕਾਸ ਦੇ ਨਤੀਜੇ ਵਜੋਂ ਮਨੁੱਖ ਮਸ਼ੀਨਾਂ ਦੇ ਨੇੜੇ ਹੁੰਦਾ ਚਲਾ ਗਿਆ ਅਤੇ ਰੁੱਖ, ਪਸ਼ੂਆਂ ਅਤੇ ਪੰਛੀਆਂ ਤੋਂ ਦੂਰ ਹੁੰਦਾ ਗਿਆ। ਇਸ ਪ੍ਰਕਿਰਿਆ ਦਾ ਸ਼ਿਕਾਰ ਕਾਂ ਵੀ ਹੋਇਆ, ਪਰ ਇਸ ਸਭ ਦੇ ਬਾਵਜੂਦ ਅੱਜ ਵੀ ਕਾਂ ਸਾਡੇ ਲੋਕ ਗੀਤਾਂ, ਬੋਲੀਆਂ, ਸਿੱਠਣੀਆਂ ਅਤੇ ਕਹਾਣੀਆਂ ਦਾ ਅਹਿਮ ਪਾਤਰ ਹੈ:

* ਜਾਂਦਾ ਹੋਇਆ ਦੱਸ ਨਾ ਗਿਆ,
ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ।
* ਕੋਇਲਾਂ ਕੂਕਦੀਆਂ,
ਕਿਤੇ ਬੋਲ ਵੇ ਚੰਦਰਿਆ ਕਾਵਾਂ
* ਦਿਲ ਮੇਰੇ ਨੂੰ ਵੱਢ ਵੱਢ ਖਾਵੇਂ,
ਕਾਹਨੂੰ ਐਵੇਂ ਬੋਲੀਆਂ ਪਾਵੇਂ
ਚੁੱਪ ਕਰ ਜਾ ਮੈਂ ਤੈਨੂੰ ਸਮਝਾਵਾਂ,
ਐਵੇਂ ਬੋਲ ਨਾ ਬਨੇਰੇ ਉਤੇ ਕਾਵਾਂ
ਸੱਜਣਾ ਨਹੀਂ ਆਉਣਾ।
* ਖਾਧੇ ਸੀ ਮਾਂਹ, ਜੰਮੇ ਸੀ ਕਾਂ,
ਕਾਵਾਂਰੌਲੀ ਪਾਉਂਦੀਆਂ
ਵੇ ਨਾਜ਼ਰ ਤੇਰੀਆਂ ਨਾਨਕੀਆਂ


ਕਾਂ ਆਮ ਤੌਰ 'ਤੇ ਵੱਡੇ ਝੁੰਡਾਂ ਵਿੱਚ ਰਹਿੰਦਾ ਹੈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਾਂ ਹੁੰਦੇ ਹਨ। ਇਹ ਝੁੰਡ ਰਾਤ ਬਿਤਾਉਣ ਲਈ ਮਨੁੱਖੀ ਆਬਾਦੀ ਤੋਂ ਥੋੜ੍ਹੇ ਹਟਵੇਂ ਕਿਸੇ ਬੀੜ ਜਾਂ ਬਾਗ਼ ਨੂੰ ਟਿਕਾਣਾ ਬਣਾਉਂਦੇ ਹਨ। ਦਿਨ ਚੜ੍ਹਦੇ ਸਾਰ ਕਾਂ ਡਿਊਟੀ 'ਤੇ ਜਾਣ ਵਾਂਗ ਆਲੇ ਦੁਆਲੇ ਦੇ ਵੀਹ-ਪੱਚੀ ਪਿੰਡਾਂ ਵਿੱਚ ਛੋਟੇ ਗਰੁੱਪ ਬਣਾ ਕੇ ਵੰਡੇ ਜਾਂਦੇ ਹਨ ਅਤੇ ਸਾਰਾ ਦਿਨ ਉਥੇ ਬਿਤਾਉਣ ਪਿੱਛੋਂ ਸ਼ਾਮ ਪੈਣ 'ਤੇ ਆਪਣੇ ਰੈਣ ਬਸੇਰੇ ਨੂੰ ਪਰਤ ਜਾਂਦੇ ਹਨ। ਇਹ ਰੋਜ਼ਾਨਾ ਇੱਕੋਂ ਰਸਤੇ ਤੋਂ ਆਉਣ ਜਾਣ ਕਰਦੇ ਹਨ। ਹਰ ਸਾਲ ਆਪਣੇ ਵੰਸ਼ ਵਾਧੇ ਲਈ ਇਹ ਝੁੰਡ ਹਾੜ੍ਹ, ਸਾਉਣ ਤੇ ਭਾਦੋਂ ਦੇ ਮਹੀਨੇ ਛੋਟੇ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਪਿੰਡਾਂ ਜਾਂ ਸ਼ਹਿਰਾਂ ਦੇ ਨੇੜਲੇ ਦਰੱਖਤਾਂ ਨੂੰ ਟਿਕਾਣਾ ਬਣਾ ਕੇ ਆਲ੍ਹਣੇ ਪਾਉਂਦਾ ਹੈ। ਬੱਚਿਆਂ ਦੇ ਪਾਲਣ ਅਤੇ ਖੁਰਾਕ ਕਾਰਨ ਇਹ ਥੋੜ੍ਹੇ ਚਿਰ ਦਾ ਟਿਕਾਣਾ ਵਸੋਂ ਦੇ ਵੱਧ ਨੇੜੇ ਰੱਖਣਾ ਜ਼ਰੂਰੀ ਹੁੰਦਾ ਹੈ। ਕਾਂ ਦੇ ਬੱਚਿਆਂ ਨੂੰ ਕਾਕੜੇ ਕਿਹਾ ਜਾਂਦਾ ਹੈ, ਜੋ ਸਾਉਣ ਦੇ ਮਹੀਨੇ ਨਿਕਲਦੇ ਤੇ ਪਲਦੇ ਹਨ ਕਿਉਂਕਿ ਇਸ ਮਹੀਨੇ ਖੁਰਾਕ ਦੀ ਵੀ ਬਹੁਤਾਤ ਹੁੰਦੀ ਹੈ। ਬੱਚੇ ਪਲ ਜਾਣ 'ਤੇ ਇਹ ਛੋਟੇ ਗਰੁੱਪ ਫਿਰ ਵੱਡੇ ਝੁੰਡ ਵਿੱਚ ਪਰਤ ਜਾਂਦੇ ਹਨ ਅਤੇ ਪਹਿਲਾਂ ਵਾਲੇ ਰੈਣ ਬਸੇਰੇ 'ਤੇ ਸਾਲ ਦਾ ਬਾਕੀ ਸਮਾਂ ਕੱਟਦੇ ਹਨ। ਭਾਵੇਂ ਕਾਂ ਹੋਰ ਪੰਛੀਆਂ ਦੇ ਆਂਡੇ ਭੰਨ ਕੇ ਪੀ ਜਾਂਦਾ ਹੈ, ਪਰ ਕਈ ਵਾਰ ਕਾਂ ਨਾਲ ਵੀ ਠੱਗੀ ਵੱਜ ਜਾਂਦੀ ਹੈ। ਕੋਇਲ ਆਪਣੇ ਆਂਡੇ ਆਪ ਨਹੀਂ ਸੇਜਦੀ ਤੇ ਨਾ ਬੱਚੇ ਪਾਲਦੀ ਹੈ। ਉਹ ਧੋਖੇ ਨਾਲ ਕਾਂ ਦੇ ਆਂਡੇ ਭੰਨ ਕੇ ਉਸ ਦੇ ਆਲ੍ਹਣੇ ਵਿੱਚ ਆਪ ਆਂਡੇ ਦੇ ਜਾਂਦੀ ਹੈ। ਦੋਹਾਂ ਦੇ ਆਂਡੇ ਤੇ ਬੱਚੇ ਇੱਕੋ ਜਿਹੇ ਹੋਣ ਕਾਰਨ ਸ਼ਾਤਰ ਮੰਨਿਆ ਜਾਂਦਾ ਕਾਂ ਅਣਜਾਣੇ ਵਿੱਚ ਕੋਇਲ ਦੇ ਬੱਚੇ ਪਾਲਦਾ ਹੈ। ਉਡਾਰ ਹੋ ਜਾਣ 'ਤੇ ਕੋਇਲ ਵਾਪਸ ਆ ਕੇ ਮਿੱਠੀ ਬੋਲੀ ਬੋਲਦੀ ਹੈ ਤਾਂ ਬੱਚੇ ਮਾਂ ਦੀ ਆਵਾਜ਼ 'ਤੇ ਮੋਹਿਤ ਹੋ ਕੇ ਉਸਦੇ ਨਾਲ ਉਡ ਜਾਂਦੇ ਹਨ ਅਤੇ ਕਾਂ ਵਿਚਾਰਾ ਦੇਖਦਾ ਹੀ ਰਹਿ ਜਾਂਦਾ ਹੈ।

ਕਾਵਾਂ ਦੀਆਂ ਬਹੁਤ ਨਸਲਾਂ ਹਨ। ਹਰ ਨਸਲ ਦੀ ਆਵਾਜ਼ ਵੱਖਰੀ ਹੁੰਦੀ ਹੈ। ਪੰਜਾਬ ਵਿੱਚ ਪਾਏ ਜਾਂਦੇ ਕਾਵਾਂ ਦੀ ਗਰਦਨ ਤੇ ਛਾਤੀ ਸੁਰਮਈ ਅਤੇ ਬਾਕੀ ਸਰੀਰ ਕਾਲਾ ਹੁੰਦਾ ਹੈ। ਨਸਲ ਅਤੇ ਖੇਤਰ ਅਨੁਸਾਰ ਇਨ੍ਹਾਂ ਦੀਆਂ ਉਪ ਭਾਸ਼ਾਵਾਂ ਹੁੰਦੀਆਂ ਹਨ, ਪਰ ਇਹ ਦੂਜੇ ਖੇਤਰ ਦੀ ਬੋਲੀ ਨੂੰ ਆਸਾਨੀ ਨਾਲ ਸਿੱਖ ਸਮਝ ਲੈਂਦੇ ਹਨ। ਸਰੀਰ ਦੇ ਅਕਾਰ ਦੇ ਅਨੁਪਾਤ ਅਨੁਸਾਰ ਕਾਂ ਦਾ ਦਿਮਾਗ਼ ਕਾਫ਼ੀ ਜੀਵਾਂ ਤੋਂ ਵੱਡਾ ਹੁੰਦਾ ਹੈ। ਜਿਸ ਕਰਕੇ ਕਾਂ ਦੀ ਸਭ ਤੋਂ ਸਿਆਣੀ ਮੰਨੀ ਜਾਂਦੀ ਨਸਲ 'ਨਿਊ ਕੈਲੇਡੋਨੀਅਨ' ਕਾਂ ਔਜ਼ਾਰਾਂ ਦੀ ਵਰਤੋਂ ਕਰਨ ਦੀ ਯੋਗਤਾ ਰੱਖਦਾ ਹੈ। ਕਾਂ ਦੁਰ-ਵਿਹਾਰ ਕਰਨ ਵਾਲੇ ਜਾਂ ਨੁਕਸਾਨ ਪਹੁੰਚਾਉਣ ਵਾਲੇ ਚਿਹਰੇ ਦੀ ਪਛਾਣ ਅਤੇ ਨਰਾਜ਼ਗੀ ਕਾਇਮ ਰੱਖਣ ਦੀ ਸੂਝ ਰੱਖਦੇ ਹਨ। ਇਹ ਆਪਣੇ ਕਿਸੇ ਸਾਥੀ ਦੀ ਮੌਤ ਹੋ ਜਾਣ ਉੱਤੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਕੇਵਲ ਦੁੱਖ ਪ੍ਰਗਟ ਨਹੀਂ ਕਰਦੇ, ਸਗੋਂ ਉਸਦੀ ਮੌਤ ਦੇ ਕਾਰਨ ਵੀ ਲੱਭਦੇ ਹਨ ਤੇ ਅੱਗੇ ਤੋਂ ਉਸ ਕਾਰਨ ਜਾਂ ਖ਼ਤਰੇ ਤੋਂ ਸੁਚੇਤ ਰਹਿਣ ਦਾ ਸਬਕ ਲੈਂਦੇ ਹਨ। ਇਸ ਤਰ੍ਹਾਂ ਕਾਂ ਬਹੁਤ ਸਿਆਣਾ ਅਤੇ ਚਤੁਰ ਪੰਛੀ ਹੈ ਅਤੇ ਸਾਡੇ ਮਨੁੱਖੀ ਸੱਭਿਆਚਾਰ ਵਿੱਚ ਅਹਿਮ ਥਾਂ ਰੱਖਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


## ਵਿਅੰਗ

# ਇਵੇਂ ਤਾਂ ਮੈਂ ਨੰਗ ਹੋ ਜੂੰ...

-ਬਲਦੇਵ ਸਿੰਘ ਆਜ਼ਾਦ-

ਸਾਡਾ ਗੁਆਂਢੀ ਗਿੰਦਰ ਗਰੇਵਾਲ ਬਹੁਤ ਅਮੀਰ ਆਦਮੀ ਹੈ, ਪਰ ਹੈ ਪੂਰਾ ਕੰਜੂਸ। ਸਿਰੇ ਦਾ ਚਿੱਚੜ। ਮਜ਼ਾਲ ਹੈ ਮੋਰੀ ਵਾਲਾ ਪੈਸਾ ਵੀ ਕਿਤੇ ਖਰਚ ਕਰ ਦੇਵੇ। ਇਸ ਨੇ ਜ਼ਿੰਦਗੀ ਭਰ ਨਾ ਕਦੇ ਚੱਜ ਦਾ ਖਾਧਾ ਹੈ ਤੇ ਨਾ ਚੱਜ ਦਾ ਪਹਿਨਿਆ ਹੈ। ਬੱਸ ਪੈਸੇ ਜੋੜਨਾ ਇਸ ਦਾ ਇੱਕ ਨੁਕਾਤੀ ਪ੍ਰੋਗਰਾਮ ਰਿਹਾ। ਜੇ ਇਸ ਦੀ ਪਤਨੀ ਜਾਂ ਪੁੱਤਰ ਕੋਈ ਨਵੀਂ ਵਸਤ ਖਰੀਦ ਕੇ ਘਰ ਲੈ ਆਉਣ ਤਾਂ ਇਹ ਤੁਰੰਤ ਡੌਂਡੀ ਪਿੱਟਣ ਲੱਗ ਪੈਂਦਾ ਹੈ। ''ਥੋਨੂੰ ਹੈ 'ਨੀਂ ਪੈਸੇ ਦੀ ਕਦਰ... ਤੁਸੀਂ ਮਾਂ-ਪੁੱਤ ਮੇਰਾ ਘਰ ਉਜਾੜ ਕੇ ਰਹੋਗੇ, ਜਿੱਥੇ ਇੱਕ ਰੁਪਏ ਨਾਲ ਡੰਗ ਲਹਿ ਸਕਦਾ ਹੈ, ਉਥੇ ਤੁਸੀਂ ਸੌ ਰੁਪਈਆ ਐਵੇਂ ਖਰਚ ਦਿੰਦੇ ਓ, ਨਾਲੇ ਤੁਸੀਂ ਕਿਹੜਾ ਕਹੀ ਮਾਰ ਕੇ ਕਮਾਏ ਐ... ਮੈਨੂੰ ਪੁੱਛੋ ਇਹ ਦੌਲਤ, ਮੈਂ ਕਿਵੇਂ ਪੈਸਾ-ਪੈਸਾ ਜੋੜ ਕੇ ਬਣਾਈ ਐ...।''

ਸਾਡੇ ਮੁਹੱਲਾ ਵਾਸੀ ਨਿਰਵੈਰ ਸਿੰਘ ਦੀ ਬੇਟੀ ਦੀ ਸ਼ਾਦੀ ਸੀ। ਅਸੀਂ ਗਿੰਦਰ ਗਰੇਵਾਲ ਨੂੰ ਆਪਣੇ ਸਾਥ ਦੀ ਖਾਤਰ ਇਸ ਸ਼ਾਦੀ ਸਮਾਗਮ ਵਿੱਚ ਨਾਲ ਲੈ ਕੇ ਜਾਣਾ ਚਾਹੁੰਦੇ ਸਾਂ। 'ਗਰੇਵਾਲ ਸਾਹਿਬ ਜੀ, ਆਓ ਅੱਜ ਆਪਾਂ ਨਿਰਵੈਰ ਸਿੰਘ ਦੀ ਬੇਟੀ ਦੀ ਸ਼ਾਦੀ 'ਤੇ ਜਾ ਆਈਏ। ਵੇਖੋ ਕਿੰਨੇ ਚਾਅ ਨਾਲ ਉਨ੍ਹਾਂ ਨੇ ਆਪਣੇ ਸਾਰੇ ਮੁਹੱਲੇ ਵਿੱਚ ਮਠਿਆਈ ਅਤੇ ਵਿਆਹ ਦੇ ਕਾਰਡ ਵੰਡੇ ਸਨ। ਉਸੇ ਚਾਅ ਨਾਲ ਵਿਆਹ 'ਤੇ ਜਾਣਾ ਆਪਣਾ ਵੀ ਫਰਜ਼ ਹੈ, ਨਾਲੇ ਇਸੇ ਬਹਾਨੇ ਆਪਾਂ ਮੈਰਿਜ ਪੈਲੇਸ ਵਿੱਚ ਬੈਠੇ ਖੁੱਲ੍ਹ ਕੇ ਗੱਲਾਂ-ਬਾਤਾਂ ਕਰ ਲਵਾਂਗੇ।'

'ਭਾਈ ਸਾਅਬ ਜੀ, ਗੱਲਾਂ-ਬਾਤਾਂ ਵਾਲੀ ਤਾਂ ਤੁਹਾਡੀ ਗੱਲ ਠੀਕ ਐ, ਪਰ ਮੈਂ ਇਸ ਸ਼ਾਦੀ ਵਿੱਚ ਨਹੀਂ ਜਾਣਾ।' ਗਿੰਦਰ ਗਰੇਵਾਲ ਦਾ ਦੋ-ਟੁੱਕ ਜੁਆਬ ਸੀ।

''ਕਿਉਂ? ਆਪਾਂ 'ਨੀਂ ਆਪਣੇ ਧੀਆਂ-ਪੁੱਤਾਂ ਦੀ ਸ਼ਾਦੀ ਕਰਨੀ? ਜੇ ਆਪਾਂ ਨਾ ਗਏ ਤੇ ਫਿਰ ਆਪਣੇ ਧੀਆਂ-ਪੁੱਤਾਂ ਦੀ ਸ਼ਾਦੀ 'ਤੇ ਕੌਣ ਆਵੇਗਾ?'' ਸਾਡੇ ਮੂੰਹੋਂ ਆਪ-ਮੁਹਾਰੇ ਕਈ ਸੁਆਲ ਨਿਕਲ ਗਏ ਸਨ।

''ਵੇਖੋ ਭਾਈ ਸਾਅਬ, ਮੁਹੱਲੇ ਦੇ ਹਰ ਆਦਮੀ ਦੇ ਸੁੱਖ ਨਾਲ ਚਾਰ-ਚਾਰ ਧੀਆਂ ਪੁੱਤ ਹਨ। ਅੱਜਕੱਲ੍ਹ ਸ਼ਾਦੀ ਦੇ ਸ਼ਗਨ 'ਤੇ ਪੰਜ ਸੌ ਵਿਆਂਦੜ ਕੁੜੀ ਨੂੰ ਤੇ ਪੰਜ ਸੌ ਮੁੰਡੇ ਨੂੰ ਦੇਣ ਦਾ ਰਿਵਾਜ ਹੈ। ਇੱਕ ਸ਼ਾਦੀ 'ਤੇ ਇੱਕ ਹਜ਼ਾਰ ਰੁਪਏ। ਜੇ ਮੈਂ ਲੋਕਾਂ ਦੇ ਧੀਆਂ-ਪੁੱਤਾਂ ਦੀਆਂ ਸ਼ਾਦੀਆਂ 'ਤੇ ਇਵੇਂ ਹਜ਼ਾਰ-ਹਜ਼ਾਰ ਰੁਪਏ ਸ਼ਗਨ ਦੇਣ ਲੱਗ ਪਿਆ, ਫਿਰ ਸਮਝ ਲਓ ਮੈਂ ਦਿਨਾਂ ਵਿੱਚ ਹੀ ਨੰਗ ਹੋ ਜੂੰ... ਮੇਰੇ ਤਾਂ ਝੁੱਗੇ 'ਚੋਂ ਇੱਕੋ ਹੀ ਬੇਟਾ ਹੈ। ਉਹਦੀ ਸ਼ਾਦੀ 'ਤੇ ਆਪਣੇ ਮੁਹੱਲੇ ਵਾਲੇ ਜੇ ਨਹੀਂ ਆਉਂਦੇ ਤਾਂ ਮੈਨੂੰ ਕੋਈ ਗਿਲਾ ਨਹੀਂ ਹੋਵੇਗਾ...।'' ਗਿੰਦਰ ਗਰੇਵਾਲ ਦਾ ਉਤਰ ਸੁਣ ਅਸੀਂ ਹੱਕੇ-ਬੱਕੇ ਰਹਿ ਗਏ।

ਗਿੰਦਰ ਗਰੇਵਾਲ ਦੇ ਮਾਤਾ-ਪਿਤਾ ਬਹੁਤ ਬਿਰਧ ਸਨ। ਇਸ ਲਈ ਉਹ ਘਰੋਂ ਬਾਹਰ ਘੱਟ ਨਿਕਲਦੇ ਹਨ। ਅੱਜ ਜਦੋਂ ਅਸੀਂ ਉਨ੍ਹਾਂ ਦੇ ਬੂਹੇ ਅੱਗਿਓਂ ਲੰਘ ਰਹੇ ਸਾਂ ਤਾਂ ਗਿੰਦਰ ਦੇ ਮਾਤਾ ਜੀ ਨੇ ਆਵਾਜ਼ ਮਾਰੀ। ''ਵੇ ਪੁੱਤ, ਮੇਰੀ ਜ਼ਰੂਰੀ ਗੱਲ ਸੁਣ ਕੇ ਜਾਵੀਂ।'' ਮਾਤਾ ਜੀ ਦੀ ਆਵਾਜ਼ ਸੁਣ ਅਸੀਂ ਥਾਏਂ ਰੁਕ ਗਏ ਸਾਂ।

''ਪੁੱਤਰਾ, ਮੇਰੀ ਦੋਵਾਂ ਅੱਖਾਂ ਦੀ ਨਿਗ੍ਹਾ ਬਿਲਕੁਲ ਖਤਮ ਹੋ ਗਈ ਐ। ਮੈਂ ਕਿਸੇ ਨੂੰ ਵੀ ਪਛਾਣ ਨਹੀਂ ਸਕਦੀ। ਮੈਨੂੰ ਸਿਰਫ ਧੁੱਪ ਥਾਂ ਦਾ ਪਤਾ ਲੱਗਦੈ। ਇਸੇ ਕਰ ਕੇ ਮੈਂ ਕਈ ਵਾਰ ਡਿੱਗ ਕੇ ਗੋਡੇ-ਗਿੱਟੇ ਤੁੜਵਾ ਚੁੱਕੀ ਹਾਂ। ਤੇਰੇ ਆਲੇ ਭਰਾ ਗਿੰਦਰ ਨੂੰ ਮੈਂ ਕਈ ਵਾਰ ਨਿਗ੍ਹਾ ਬਣਵਾਉਣ ਲਈ ਕਿਹਾ, ਪਰ ਉਹ ਮੇਰੀ ਗੱਲ ਨਹੀਂ ਸੁਣਦਾ। ਤੇਰੇ ਨਾਲ ਇਹਦੀ ਵਾਹਵਾ ਚੰਗੀ ਬਣਦੀ ਐ। ਇਹਨੂੰ ਕਹਿ ਕੇ ਤੂੰ ਮੇਰੀ ਇੱਕ ਅੱਖ ਦੀ ਨਿਗ੍ਹਾ ਬਣਾ ਦੇ, ਤਾਂ ਕਿ ਅੰਦਰ-ਬਾਹਰ ਜਾਣ ਜੋਗੀ ਹੋ ਜਾਂ।'' ਮਾਤਾ ਦਾ ਤਰਲਾ ਸੁਣ ਅਸੀਂ ਬਿਲਕੁਲ ਪਸੀਜ ਗਏ ਸਾਂ। ਸ਼ਾਮ ਨੂੰ ਅਸੀਂ ਗਿੰਦਰ ਗਰੇਵਾਲ ਦਾ ਬੂਹਾ ਜਾ ਖੜਕਾਇਆ ਤੇ ਉਸ ਨੂੰ ਮਾਤਾ ਜੀ ਦੀ ਇੱਕ ਅੱਖ ਬਣਾਉਣ ਲਈ ਬੇਨਤੀ ਕੀਤੀ।

''ਭਾਈ ਸਾਅਬ ਜੀ, ਮਾਤਾ ਆਵਦੀ ਉਮਰ ਲਗਭਗ ਭੋਗ ਚੁੱਕੀ ਐ। ਇਸ ਉਮਰ ਵਿੱਚ ਭਲਾ ਅੱਖਾਂ ਬਣਵਾਉਣ ਦਾ ਕੀ ਮਤਲਬ? ਮਾਤਾ ਨੇ ਸਿਰਫ ਦੋ ਟੈਮ ਦੀ ਰੋਟੀ ਛਕਣੀ ਹੁੰਦੀ ਐ, ਬੜੀ ਮੌਜ ਨਾਲ ਛਕੀ ਜਾਂਦੀ ਐ। ਸਾਡੇ ਘਰ ਦੀ ਪੱਕੀ ਹੋਈ ਰੋਟੀ ਸੁੱਖ ਨਾਲ ਪੂਰੇ ਇੱਕ ਫੁੱਟ ਦੀ ਹੁੰਦੀ ਐ ਤੇ ਏਡੀ ਰੋਟੀ ਮਾਤਾ ਨੂੰ ਦੂਰੋਂ ਦਿਸ ਜਾਂਦੀ ਐ। ਇਹਨੇ ਕਿਹੜਾ ਰਜਾਈਆਂ ਦੇ ਨਗੰਦੇ ਪਾਉਣੇ ਐਂ, ਜੀਹਦੇ ਲਈ ਇਹਦੀ ਨਿਗ੍ਹਾ ਬਣਾਈ ਜਾਵੇ। ਨਾਲੇ ਅੱਖਾਂ ਦੇ ਆਪਰੇਸ਼ਨ 'ਤੇ ਅੱਜਕੱਲ੍ਹ ਨੋਟਾਂ ਦੀ ਪੂਰੀ ਪੰਡ ਲੱਗਦੀ ਐ। ਕਈ ਕਈ ਮਹੀਨੇ ਡਾਕਟਰਾਂ ਕੋਲ ਅੱਖਾਂ ਚੈੱਕ ਕਰਵਾਉਣ ਲਈ ਗੇੜੇ ਮਾਰਨੇ ਪੈਂਦੇ ਹਨ। ਰੋਜ਼ ਅੱਖਾਂ ਵਿੱਚ ਕਈ ਕਈ ਕਿਸਮ ਦੀ ਦਵਾਈ ਕਈ ਕਈ ਵਾਰ ਪਾਉਣੀ ਪੈਂਦੀ ਐ ਅਤੇ ਦਵਾਈ ਦੀ ਇੱਕ ਇੱਕ ਸ਼ੀਸ਼ੀ ਪੰਜ-ਪੰਜ ਸੌ ਦੀ ਆਉਂਦੀ ਐ। ਇਸ ਤਰ੍ਹਾਂ ਬੇਬੇ ਦੀ ਨਿਗ੍ਹਾ ਬਣਾਉਂਦਾ-ਬਣਾਉਂਦਾ ਤਾਂ ਮੈਂ ਬਿਲਕੁਲ ਨੰਗ ਹੋ ਜੂੰ।'' ਗਿੰਦਰ ਗਰੇਵਾਲ ਦਾ ਕੋਰਾ ਜੁਆਬ ਸੁਣ ਅਸੀਂ ਸੁੰਨ ਜਿਹੇ ਹੋ ਗਏ।

ਇੱਕ ਦਿਨ ਅਸੀਂ ਕਿਸੇ ਜ਼ਰੂਰੀ ਕੰਮ ਗਿੰਦਰ ਗਰੇਵਾਲ ਦੇ ਘਰ ਚਲੇ ਗਏ। ਅੰਦਰ ਜਾ ਕੇ ਕੀ ਵੇਖਦੇ ਹਾਂ ਕਿ ਉਹ ਮੂੰਹ-ਸਿਰ ਕੱਪੜੇ ਨਾਲ ਵਲ੍ਹੇਟ, ਦੋਵਾਂ ਹੱਥਾਂ ਵਿੱਚ ਛੱਜ ਪਕੜ, ਕਣਕ ਛੰਡੀ ਜਾ ਰਹੇ ਸਨ। ਇਹ ਵੇਖ ਕੇ ਸਾਡੇ ਅੱਖਾਂ ਦੇ ਤੋਤੇ ਉਡ ਗਏ। ''ਗਰੇਵਾਲ ਸਾਹਿਬ, ਚੰਗੀ ਭਲੀ ਤੁਹਾਡੇ ਘਰ ਕੰਮ ਵਾਲੀ ਬੀਬੀ ਆਉਂਦੀ ਐ। ਉਸ ਨੂੰ ਕਹਿ ਕੇ ਪੀਣ੍ਹ ਬਣਵਾ ਲੈਣਾ ਸੀ। ਤੁਸੀਂ ਕਾਹਨੂੰ ਆਹ ਮਿੱਟੀ-ਘੱਟਾ ਆਪਣੇ ਸਿਰ ਵਿੱਚ ਪੁਆਈ ਜਾ ਰਹੇ ਓ?'' ਘਰੋਂ ਰੱਜਿਆ-ਪੁੱਜਿਆ ਆਦਮੀ ਇਸ ਤਰ੍ਹਾਂ ਝੱਖ ਮਾਰਦਾ ਅਸੀਂ ਪਹਿਲੀ ਵਾਰ ਵੇਖਿਆ ਸੀ।

''ਭਾਈ ਸਾਅਬ ਜੀ, ਅਸੀਂ ਮਹੀਨੇ ਵਿੱਚ ਦੋ ਵਾਰ ਕੰਮ ਵਾਲੀ ਬੀਬੀ ਤੋਂ ਪੀਣ੍ਹ ਬਣਵਾਉਂਦੇ ਹਾਂ। ਉਹ ਹਰ ਵਾਰ ਪੰਜ-ਦਸ ਕਿਲੋ ਕਣਕ ਘੁੰਡੀਆਂ ਦੇ ਬਹਾਨੇ ਟਾਂਚ ਕੇ ਲੈ ਜਾਂਦੀ ਹੈ। ਤੂੰ ਹਿਸਾਬ ਲਾ ਪਈ ਜੇ ਮਹੀਨੇ ਵਿੱਚ ਦੋ ਵਾਰ ਦਸ-ਦਸ ਕਿਲੋ ਕਣਕ ਅਜਾਈਂ ਚਲੀ ਜਾਵੇ ਤਾਂ ਸਾਲ ਵਿੱਚ ਕੁੱਲ ਕਿੰਨੀ ਹੋਗੀ? ਇਉਂ ਤਾਂ ਭਰਾ ਮੇਰੇ ਮੈਂ ਜਵ੍ਹਾਂ ਹੀ ਨੰਗ ਹੋ ਜੂੰ। ਨਾਲੇ ਖੁਦ ਕਣਕ ਛੰਡਣ ਨਾਲ ਮੇਰੀਆਂ ਕਿਹੜਾ ਲੂਹਲਾਂ ਲਹਿ ਜਾਣਗੀਆਂ...।'' ਗਿੰਦਰ ਗਰੇਵਾਲ ਦਾ ਉਤਰ ਸਾਡੀ ਪੂਰੀ ਤਸੱਲੀ ਕਰਵਾ ਗਿਆ ਸੀ।

ਗਿੰਦਰ ਗਰੇਵਾਲ ਦਾ ਇੱਕੋ ਬੇਟਾ ਹੈ- ਬਲਤੇਜ, ਪਰ ਚਾਲੀ ਸਾਲ ਦੀ ਉਮਰ ਹੋਣ ਉਪਰੰਤ ਵੀ ਉਹ ਅਜੇ ਕੁਆਰਾ ਹੈ। ਇੱਕ ਦਿਨ ਮੌਕਾ ਜਿਹਾ ਵੇਖ ਅਸੀਂ ਗਿੰਦਰ ਗਰੇਵਾਲ ਨੂੰ ਜਾ ਘੇਰਿਆ। ''ਗਰੇਵਾਲ ਸਾਹਿਬ, ਆਪਣਾ ਬਲਤੇਜ ਪੂਰੇ ਚਾਲੀਆਂ ਦਾ ਹੋ ਗਿਐ। ਇਹਦੇ ਹਾਣੀ ਦੋ-ਦੋ ਜੁਆਕਾਂ ਦੇ ਬਾਪ ਬਣ ਗਏ ਹਨ। ਆਪਾਂ ਇਹਦਾ ਕੋਈ ਬੰਨ੍ਹ-ਸੁੱਭ ਕਰੀਏ। ਨਾਲੇ ਮਾਪਿਆਂ ਵੱਲੋਂ ਬੱਚੇ ਪੈਦਾ ਕਰ ਦੇਣਾ ਹੀ ਕਾਫੀ ਨਹੀਂ ਹੁੰਦਾ। ਉਨ੍ਹਾਂ ਨੂੰ ਪਾਲਣਾ- ਪੋਸਣਾ, ਪੜ੍ਹਾਉਣਾ-ਲਿਖਾਉਣਾ ਅਤੇ ਠੀਕ ਸਮੇਂ 'ਤੇ ਵਿਆਹ-ਸ਼ਾਦੀ ਕਰਨਾ ਵੀ ਮਾਪਿਆਂ ਦਾ ਫਰਜ਼ ਬਣਦੈ।'' ਅਸੀਂ ਗਿੰਦਰ ਗਰੇਵਾਲ ਨੂੰ ਹਲੂਣਾ ਦਿੰਦੇ ਹਾਂ।

''ਭਾਈ ਸਾਅਬ ਜੀ, ਬਲਤੇਜ ਜੀ ਸ਼ਾਦੀ ਦਾ ਕੀ ਐ-ਆਥਣ ਨੂੰ ਭਲਾ ਮੈਂ ਇਹਦੀ ਵੀਹ ਵਾਰ ਸ਼ਾਦੀ ਕਰ ਦਿਆਂ, ਪਰ ਮੈਂ ਇਹਦੇ ਵਾਸਤੇ ਅਜਿਹਾ ਘਰ ਚਾਹੁੰਦਾ ਹਾਂ, ਜਿਸਦੀ ਢਾਲ ਸਾਡੇ ਘਰ ਵੱਲ ਹੋਵੇ। ਮਤਲਬ ਇਹ ਐ ਪਈ ਮਾਪਿਆਂ ਦੇ ਘਰ 'ਕੱਲ੍ਹੀ ਕੁੜੀ ਹੋਵੇ। ਉਸ ਦਾ ਹੋਰ ਕੋਈ ਭੈਣ-ਭਰਾ ਨਾ ਹੋਵੇ ਤਾਂ ਕਿ ਉਸ ਘਰੋਂ ਸਾਰੀ ਜ਼ਮੀਨ-ਜਾਇਦਾਦ, ਧਨ-ਦੌਲਤ ਅਤੇ ਹੋਰ ਸਾਰਾ ਲਟਰਮ-ਪਟਰਮ ਮੇਰੇ ਘਰ ਹੀ ਆਵੇ। ਹਰ ਦਿਨ ਦਿਹਾਰ 'ਤੇ ਮਠਿਆਈਆਂ-ਛਠਿਆਈਆਂ ਮੇਰੇ ਘਰ ਆਉਂਦੀਆਂ ਰਹਿਣ। ਜੇ ਲੜਕੀ ਦੇ ਹੋਰ ਭੈਣ-ਭਰਾ ਹੋਣ ਤਾਂ ਮੇਰੇ ਘਰ ਦੀ ਧਨ ਦੌਲਤ ਉਨ੍ਹਾਂ ਦੇ ਘਰ ਆਨੀ-ਬਹਾਨੀ ਜਾਣੀ ਸ਼ੁਰੂ ਹੋ ਜਾਵੇਗੀ। ਜਦੋਂ ਕਦੇ ਕੁੜੀ ਦੇ ਭਰਾ-ਭਰਜਾਈ ਸਾਡੇ ਘਰ ਮਿਲਣ ਆਉਣਗੇ ਤਾਂ ਕੁਝ ਨਾ ਕੁਝ ਜ਼ਰੂਰ ਮੇਰੇ ਘਰ ਦਾ ਨੁਕਸਾਨ ਕਰ ਕੇ ਜਾਇਆ ਕਰਨਗੇ ਤੇ ਜੋ ਭੈਣ-ਭਣੋਈਆ ਆਏ ਤਾਂ ਉਹ ਵੀ ਮੇਰੇ ਘਰ ਨੂੰ ਕੁਝ ਥੁੱਕ ਲਾਇਆ ਕਰਨਗੇ। ਇਵੇਂ ਤਾਂ ਭਾਈ ਸਾਅਬ ਮੈਂ ਬਿਲਕੁਲ ਨੰਗ ਹੋ ਜੂੰ, ਇਸ ਕਰ ਕੇ ਹੀ ਮੈਂ ਬਲਤੇਜ ਦੀ ਸ਼ਾਦੀ ਨਹੀਂ ਕਰ ਰਿਹਾ। ਜਿਸ ਦਿਨ ਹੀ ਮੈਨੂੰ ਮੇਰੇ ਪਸੰਦ ਦਾ ਰਿਸ਼ਤਾ ਮਿਲ ਗਿਆ ਤਾਂ ਮੈਂ ਤੁਰੰਤ ਹੀ ਬਲਤੇਜ ਦਾ ਤੋਪਾ ਭਰ ਦੂੰ...।''

# ਅਰਥ ਵਿਵਸਥਾ ਖੁੱਲ੍ਹਣ ਨਾਲ ਭਾਰਤ ਵਿੱਚ ਕੋਰੋਨਾ ਵਾਇਰਸ ਤੇਜ਼ੀ ਨਾਲ ਵਧ ਰਿਹੈ



ਨਵੀਂ ਦਿੱਲੀ, 31 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਵਿੱਚ ਵਾਧੇ ਦਾ ਕਾਰਨ ਵਿਗਿਆਨੀਆਂ ਦੇ ਮੁਤਾਬਕ ਜਾਂਚ ਵਿੱਚ ਵਾਧਾਂ, ਅਰਥ ਵਿਵਸਥਾ ਦਾ ਫਿਰ ਤੋਂ ਖੁੱਲ੍ਹਣਾ ਅਤੇ ਕੋਵਿਡ-19 ਦੇ ਖਤਰੇ ਵੱਲ ਧਿਆਨ ਨਾ ਦਿੰਦੇ ਹੋਏ ਲੋਕਾਂ ਵਿੱਚ ਇਸ ਵਾਇਰਸ ਸਬੰਧੀ ਵਿਹਾਰ ਬਾਰੇ ਆਤਮ ਸੰਤੁਸ਼ਟੀ ਦੀ ਭਾਵਨਾ ਪੈਦਾ ਹੋਣਾ ਹੈ। ਭਾਰਤ ਵਿੱਚ ਹਫ਼ਤੇ ਭਰ ਵਿੱਚ ਪੰਜ ਲੱਖ ਤੋਂ ਜ਼ਿਆਦਾ ਮਾਮਲੇ ਸਾਹਮਣੇ ਆ ਚੁੱਕੇ ਹਨ।

ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ ਵਿੱਚ ਮਹਾਮਾਰੀ ਵਿਗਿਆਨ ਅਤੇ ਵਾਇਰਸ ਰੋਕੂ ਵਿਭਾਗ ਦੇ ਪ੍ਰਮੁੱਖ ਡਾ. ਸਮਿਰਨ ਪਾਂਡਾ ਨੇ ਕਿਹਾ ਕਿ ਕੇਸਾਂ ਵਿੱਚ ਇਹ ਵਾਧਾ ਉਮੀਦ ਅਨੁਸਾਰ ਸੀ, ਪਰ ਸਾਰੇ ਰਾਜਾਂ ਵਿੱਚ ਇਹ ਸਥਿਤੀ ਨਹੀਂ ਹੈ। ਡਾ. ਪਾਂਡਾ ਨੇ ਕਿਹਾ ਕਿ ਕੁਝ ਇਲਾਕਿਆਂ ਵਿੱਚ ਏਦਾਂ ਹੋ ਰਿਹਾ ਹੈ ਅਤੇ ਉਨ੍ਹਾਂ ਗਰੁੱਪਾਂ ਵਿੱਚ ਦੇਖਣ ਨੂੰ ਮਿਲਦਾ ਹੈ, ਜਿੱਥੇ ਸੰਵੇਦਨਸ਼ੀਲ ਆਬਾਦੀ ਅਤੇ ਬਿਨਾਂ ਲੱਛਣ ਜਾ ਹਲਕੇ ਲੱਛਣ ਵਾਲੇ ਲੋਕਾਂ ਦਾ ਮਿਸ਼ਰਨ ਹੈ ਜਿਸ ਨਾਲ ਵਾਇਰਸ ਫੈਲ ਰਿਹਾ ਹੈ। ਇਸ ਲਈ ਇਨ੍ਹਾਂ ਖੇਤਰਾਂ ਵਿੱਚ ਇਸ ਵਾਇਰਸ ਨੂੰ ਰੋਕਣ ਦੇ ਲਈ ਯਤਨ ਕਰਨੇ ਹੋਣਗੇ।

ਵਾਇਰਸ ਬਾਰੇ ਸੀਨੀਅਰ ਵਿਗਿਆਨੀ ਸ਼ਾਹਿਦ ਜਮੀਲ ਨੇ ਕਿਹਾ ਕਿ ਲੋਕ ਮਾਸਕ ਪਾਉਣ, ਹੱਥ ਸਾਫ ਕਰਨ ਅਤੇ ਸਮਾਜਿਕ ਮੇਲ ਜੋਲ ਤੋਂ ਬਚਣ ਦੇ ਨਿਯਮਾ ਦੀ ਪਾਲਣਾ ਨਹੀਂ ਕਰ ਰਹੇ। ਸੱਚ ਇਹ ਹੈ ਕਿ ਇਸ ਸਮੇਂ ਰੋਜ਼ ਵਾਇਰਸ ਦੇ ਬਹੁਤ ਕੇਸ ਆ ਰਹੇ ਹਨ। ਮਰੀਜ਼ਾਂ ਦੀ ਗਿਣਤੀ ਤੇ ਮੌਤ ਦੇ ਕੁਲ ਅੰਕੜਿਆਂ ਦੇ ਪੱਖ ਤੋਂ ਤੀਸਰੇ ਸਥਾਨ ਉੱਤੇ ਪਹੁੰਚ ਗਏ ਹਾਂ। ਭਾਰਤੀ ਮੈਡੀਕਲ ਐਸੋਸੀਏਸ਼ਨ ਦੇ ਅਹੁਦੇਦਾਰ ਡਾ. ਕੇ ਕੇ ਅਗਰਵਾਲ ਨੇ ਕਿਹਾ ਕਿ ਇਸ ਪੱਧਰ ਉੱਤੇ ਸਰਕਾਰ ਦੇ ਯਤਨਾਂ ਨਾਲ ਇਨ੍ਹਾਂ ਕੇਸਾਂ ਗਿਣਤੀ ਰੋਕਣ ਦਾ ਕੋਈ ਢੁਕਵਾਂ ਤਰੀਕਾ ਨਹੀਂ ਹੈ।

# ਹਵਾਈ ਜਹਾਜ਼ਾਂ ਵਿੱਚ ਮੁਸਾਫਰ 4600 ਕਰੋੜ ਤੋਂ ਵੱਧ ਦਾ ਸਾਮਾਨ ਭੁੱਲ ਗਏ

*** ਲਾੜੇ ਦੇ ਬੂਟ, ਪ੍ਰੈਸ਼ਰ ਕੁੱਕਰ, ਵਾਈਨ ਤੇ ਫੌਜੀ ਵਰਦੀਆਂ ਮਿਲੀਆਂ**



ਨਵੀਂ ਦਿੱਲੀ, 31 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਹਵਾਈ ਸਫਰ ਵਾਲੇ ਮੁਸਾਫਰ ਦੇਸ਼ ਭਰ ਦੇ ਏਅਰਪੋਰਟਾਂ ਤੇ ਜਹਾਜ਼ਾਂ ਵਿੱਚ 4600 ਕਰੋੜ ਰੁਪਏ ਤੋਂ ਵੱਧ ਦਾ ਸਾਮਾਨ ਛੱਡ ਕੇ ਭੁੱਲ ਗਏ ਅਤੇ ਲੈਣ ਨਹੀਂ ਆਏ। ਇਸ ਸਾਮਾਨ ਵਿੱਚ ਲਾੜੇ ਦੇ ਬੂਟ, ਵਾਈਨ ਦੀਆਂ ਬੋਤਲਾਂ, ਪ੍ਰੈਸ਼ਰ ਕੂਕਰ, ਆਰਮੀ ਯੂਨੀਫਾਰਮ, ਗੁੱਟ-ਘੜੀ ਆਦਿ ਸਭ ਤੋਂ ਯੂਨੀਕ ਹਨ।

ਪਤਾ ਲੱਗਾ ਹੈ ਕਿ ਇਹ ਸਾਰਾ ਸਾਮਾਨ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਖੋਇਆ-ਪਾਇਆ ਵਿਭਾਗ ਦੇ ਕੋਲ ਪਿਆ ਹੈ। ਏ ਏ ਆਈ ਵੱਲੋਂ ਮਿਲੀ ਰਿਪੋਰਟ ਮੁਤਾਬਕ ਦੇਸ਼ ਦੇ ਵੱਖ-ਵੱਖ ਏਅਰਪੋਰਟਾਂ ’ਤੇ ਕਰੀਬ 4689 ਕਰੋੜ ਰੁਪਏ ਦਾ ਸਾਮਾਨ ਪਿਆ ਮਿਲਿਆ ਹੈ। ਮੁਸਾਫਰ ਇੱਕ ਜਨਵਰੀ ਤੋਂ ਅੱਜ ਤੱਕ ਇਹ ਸਾਮਾਨ ਭੁੱਲੇ ਹਨ। ਇਸ ਰਿਪੋਰਟ ਮੁਤਾਬਕ ਕਰੀਬ ਪੰਜ ਮਹੀਨੇ ਤੋਂ ਦੇਸ਼ ਵਿੱਚ ਉਡਾਣਾਂ ਨਹੀਂ ਚੱਲੀਆਂ। ਇਸ ਕਾਰਨ ਬਹੁਤਾ ਸਾਮਾਨ ਵਿਦੇਸ਼ਾਂ ਤੋਂ ਭਾਰਤੀ ਲੋਕਾਂ ਨੂੰ ਲਿਆਉਣ ਵਾਲੀਆਂ ਫਲਾਈਟਾਂ ਵਿੱਚ ਮਿਲਿਆ।

ਜੈਪੁਰ ਏਅਰਪੋਰਟ ਸਟਾਫ ਨੂੰ ਸ਼ੁੱਕਰਵਾਰ ਨਾਰਵੇ ਇੰਟਰਨੈਸ਼ਨਲ ਬ੍ਰਾਂਡ ਦੇ ਮਹਿਲਾਵਾਂ ਦੇ ਇਨਰ-ਵੀਅਰ ਮਿਲੇ। ਕੋਲਕਾਤਾ ਏਅਰਪੋਰਟ ਦੇ ਸਟਾਫ ਨੂੰ ਲੈਦਰ ਜੈਕੇਟ ਅਤੇ ਰਿਵਾਇਤੀ ਕੀਮਤੀ ਕੁੜਤੇ ਮਿਲੇ। ਭੁਬਨੇਸ਼ਵਰ ਵਿੱਚ ਲਾੜੇ ਦੇ ਬੂਟ ਕੋਈ ਛੱਡ ਗਿਆ। ਚੇਨਈ ਏਅਰਪੋਰਟ ’ਤੇ ਗਿਟਾਰ, ਸਿਗਰਟ, ਲੇਜ਼ਰ ਲਾਈਟ, ਹਥਕੜੀ ਮਿਲੀ। ਗੁਹਾਟੀ ਵਾਲੇ ਏਅਰਪੋਰਟ ’ਤੇ ਆਰਮੀ ਯੂਨੀਫਾਰਮ ਅਤੇ ਸਰਜੀਕਲ ਗਾਊਨ ਮਿਲਿਆ। ਲਖਨਊ ਏਅਰਪੋਰਟ ਨੂੰ ਦੂਰਬੀਨ ਮਿਲੀ। ਸਭ ਤੋਂ ਵੱਧ ਮਿਲਣ ਵਾਲੇ ਸਾਮਾਨ ਵਿੱਚ ਮੋਬਾਈਲ, ਪਾਵਰ ਬੈਂਕ, ਲੈਪਟਾਪ, ਈਅਰਫੋਨ, ਗੁੱਟ ਘੜੀ, ਵਾਈਫਾਈ ਡੌਂਗਲ, ਟ੍ਰਿਮਰ, ਪਰਸ, ਅੰਗੂਠੀ, ਪਾਇਲ, ਛਤਰੀ, ਬੈਟ, ਬੈਡਮਿੰਟਨ, ਸਲੀਪਿੰਗ ਬੈਗ, ਕਾਰ ਦੀ ਚਾਬੀ ਵਰਗੀਆਂ ਚੀਜ਼ਾਂ ਹਨ। ਏ ਏ ਆਈ ਦੀ ਰਿਪੋਰਟ ਮੁਤਾਬਕ ਖਰਾਬ ਹੋਣ ਵਾਲੇ ਸਾਮਾਨ ਲਈ 48 ਘੰਟੇ ਉਡੀਕਣ ਪਿੱਛੋਂ ਉਸ ਦਾ ਨਿਪਟਾਰਾ ਕਰ ਦਿੱਤਾ ਜਾਂਦਾ ਹੈ। ਬਾਕੀ ਸਾਮਾਨ ਲਈ ਨੱਬੇ ਦਿਨ ਉਡੀਕ ਹੁੰਦੀ ਹੈ। ਜੇ ਓਦੋਂ ਤੱਕ ਸਾਮਾਨ ਦਾ ਮਾਲਕ ਕਲੇਮ ਨਹੀਂ ਕਰਦਾ ਤਾਂ ਨੀਲਾਮੀ ਕਰ ਦਿੱਤੀ ਜਾਂਦੀ ਹੈ। ਗੁਆਚੇ ਹੋਏ ਸਾਮਾਨ ’ਤੇ ਦਾਅਵਾ ਕਰਨ ਦੇ ਲਈ ਬੋਰਡਿੰਗ ਪਾਸ ਦੀ ਕਾਪੀ ਜਾਂ ਯਾਤਰਾ ਦਾ ਸਬੂਤ ਹੋਣਾ ਜ਼ਰੂਰੀ ਹੈ। ਜਿਸ ਸਾਮਾਨ ’ਤੇ ਦਾਅਵਾ ਕੀਤਾ ਜਾਂਦਾ ਹੈ, ਉਸ ਦੀ ਜਾਣਕਾਰੀ ਦੇਣੀ ਹੁੰਦੀ ਹੈ।

**ਚਾਰਜ ਸ਼ੀਟ :**

# ਪਾਕਿ ਨੇ ਸਸਪੈਂਡਿਡ ਡੀ ਐਸ ਪੀ ਨੂੰ ਵਿਦੇਸ਼ ਮੰਤਰਾਲੇ ਵਿੱਚ ਸੈੱਲ ਬਣਾਉਣ ਨੂੰ ਕਿਹਾ ਸੀ



ਨਵੀਂ ਦਿੱਲੀ, 31 ਅਗਸਤ (ਪੋਸਟ ਬਿਊਰੋ)- ਭਾਰਤ ਦੀ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਜੰਮੂ-ਕਸ਼ਮੀਰ ਪੁਲਸ ਦੇ ਸਸਪੈਂਡਿਡ ਡੀ ਐਸ ਪੀ ਦਵਿੰਦਰ ਸਿੰਘ ਦੇ ਖ਼ਿਲਾਫ਼ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਹਿਜ਼ਬੁਲ ਮੁਜਾਹਦੀਨ ਲਈ ਕੰਮ ਕਰਨ ਦਾ ਦੋਸ਼ ਲਾਇਆ ਹੈ। ਇਸ ਬਾਰੇ ਦੋਸ਼-ਪੱਤਰ ਵਿੱਚ ਦੱਸਿਆ ਗਿਆ ਹੈ ਕਿ ਪਾਕਿਸਤਾਨ ਹੈਂਡਲਰ ਵੱਲੋਂ ਉਸ (ਡੀ ਐਸ ਪੀ) ਨੂੰ ਜਾਸੂਸੀ ਲਈ ਵਿਦੇਸ਼ ਮੰਤਰਾਲੇ ਵਿੱਚ ‘ਸੈੱਲ’ ਲੱਭਣ ਦਾ ਕੰਮ ਸੌਂਪਿਆ ਗਿਆ ਸੀ। ਐਨ ਆਈ ਏ ਵੱਲੋਂ ਜੰਮੂ ਦੀ ਵਿਸ਼ੇਸ਼ ਅਦਾਲਤ ਵਿੱਚ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਅਤੇ ਭਾਰਤੀ ਦੰਡਾਵਲੀ ਦੀਆਂ ਵੱਖ-ਵੱਖ ਧਾਰਾਵਾਂ ਹੇਠ ਦਵਿੰਦਰ ਸਿੰਘ ਤੇ ਪੰਜ ਹੋਰਨਾਂ ਦੇ ਖ਼ਿਲਾਫ਼ ਦਾਇਰ ਕੀਤੀ ਗਈ 3,064 ਪੰਨਿਆਂ ਦੀ ਚਾਰਜ ਸ਼ੀਟਰ ਵਿੱਚ ਡੀ ਐਸ ਪੀ ਉੱਤੇ ਪਾਬੰਦੀਸ਼ੁਦਾ ਸੰਗਠਨ ਦੇ ਅੱਤਵਾਦੀਆਂ ਨੂੰ ਪਨਾਹ ਦੇਣ ਦੀ ਸਾਰੀ ਜਾਣਕਾਰੀ ਦਿੱਤੀ ਗਈ ਹੈ। ਦੋਸ਼ ਪੱਤਰ ਅਨੁਸਾਰ ਉਸ ਨੇ ਪਾਕਿਸਤਾਨ ਹਾਈ ਕਮਿਸ਼ਨ ਦਾ ਨੰਬਰ ‘ਪਾਕਿ ਭਾਈ’ ਦੇ ਨਾਂਅ ਉੱਤੇ ਸੇਵ ਕੀਤਾ ਹੋਇਆ ਸੀ। ਇਸ ਸੰਪਰਕ ਵੱਲੋਂ ਉਸ ਨੂੰ ਕਸ਼ਮੀਰ ਵਾਦੀ ਵਿੱਚ ਸੁਰੱਖਿਆ ਫੋਰਸਾਂ ਦੀ ਤਾਇਨਾਤੀ ਅਤੇ ਵੀ ਆਈ ਪੀਜ਼ ਦੀ ਆਮਦ ਦੇ ਕੰਮ ਸੌਂਪੇ ਗਏ ਸਨ। ਵਰਨਣ ਯੋਗ ਹੈ ਕਿ ਹਿਜ਼ਬੁਲ ਮੁਜਾਹਦੀਨ ਲਈ ਸਮਰਪਿਤ ਹੋਣ ਤੋਂ ਪਹਿਲਾਂ ਡੀ ਐਸ ਪੀ ਦਵਿੰਦਰ ਸਿੰਘ ਅਗਵਾ ਦੀ ਕਿਸੇ ਵੀ ਘਟਨਾ ਨੂੰ ਰੋਕਣ ਵਾਲੀ ਅਹਿਮ ਯੂਨਿਟ ਵਿੱਚ ਹੁੰਦਾ ਸੀ। ਉਸ ਨੂੰ 11 ਜਨਵਰੀ ਨੂੰ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਸੱਯਦ ਨਵੀਦ ਮੁਸ਼ਤਾਕ ਉਰਫ਼ ਨਵੀਦ ਬਾਬੂ ਰਫ਼ੀ ਅਹਿਮਦ ਰਾਥਰ ਤੇ ਇਰਫਾਨ ਸਫ਼ੀ ਮੀਰ ਨਾਲ ਇੱਕ ਕਾਰ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਭਾਰਤ ਸਰਕਾਰ ਨਿਕੰਮੇ ਤੇ ਭ੍ਰਿਸ਼ਟ ਸਰਕਾਰੀ ਮੁਲਾਜ਼ਮਾਂ ਦੀ ਛਾਂਟੀ ਕਰਨ ਲੱਗੀ



ਨਵੀਂ ਦਿੱਲੀ, 31 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਪਰਸੋਨਲ ਮੰਤਰਾਲੇ ਦੇ ਤਾਜ਼ਾ ਹੁਕਮ ਮੁਤਾਬਕ ਕੇਂਦਰ ਸਰਕਾਰ ਨੇ ਸਾਰੇ ਵਿਭਾਗਾਂ ਨੂੰ ਤੀਹ ਸਾਲ ਤੋਂ ਵੱਧ ਨੌਕਰੀ ਵਾਲੇ ਸਾਰੇ ਮੁਲਾਜ਼ਮਾਂ ਦੇ ਸਰਵਿਸ ਰਿਕਾਰਡ ਦੀ ਘੋਖ ਕਰਨ ਨੂੰ ਕਿਹਾ ਹੈ। ਇਸ ਤੋਂ ਬਾਅਦ ਇਨ੍ਹਾਂ ’ਚੋਂ ਨਿਕੰਮੇ ਤੇ ਭ੍ਰਿਸ਼ਟ ਮੁਲਾਜ਼ਮਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸੇਵਾ ਮੁਕਤ ਕਰਨ ਨੂੰ ਕਹਿ ਦਿੱਤਾ ਗਿਆ ਹੈ। ਸਰਕਾਰ ਇਹ ਫੈਸਲਾ ਜਨ-ਹਿਤ ’ਚ ਲੈਣਾ ਚਾਹੁੰਦੀ ਹੈ।

ਪਰਸੋਨਲ ਮੰਤਰਾਲੇ ਦੇ ਅਧਿਕਾਰੀਆਂ ਮੁਤਾਬਕ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਕੰਮ ਦੀ ਘੋਖ ਕੇਂਦਰੀ ਸਿਵਲ ਸਰਵਿਸਿਜ਼ (ਪੈਨਸ਼ਨ) ਰੂਲਜ਼, 1972 ਦੇ ਨਿਯਮਾਂ ਹੇਠ ਕੀਤੀ ਜਾਵੇਗੀ। ਇਸ ਨਾਲ ਸਰਕਾਰ ਨੂੰ ਇੱਕ ਸਰਕਾਰੀ ਨੌਕਰ ਨੂੰ ਪੂਰੀ ਤਰ੍ਹਾਂ ਸੇਵਾ ਮੁਕਤ ਕਰਨ ਦਾ ਅਧਿਕਾਰ ਹੁੰਦਾ ਹੈ। ਬੀਤੇ ਸ਼ੁੱਕਰਵਾਰ ਜਾਰੀ ਹੁਕਮ ’ਚ ਕਿਹਾ ਗਿਆ ਹੈ ਕਿ ਕਿਸੇ ਵੀ ਸਰਕਾਰੀ ਅਫਸਰ ਦੀ ਉਮਰ 50-55 ਸਾਲ ਹੋਣ ਜਾਂ ਉਸ ਦੇ ਸੇਵਾ-ਕਾਲ ਦੇ ਘੱਟੋ-ਘੱਟ ਤੀਹ ਸਾਲ ਪੂਰੇ ਹੋਣ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਵੀ ਸਮੇਂ ਸੇਵਾ ਮੁਕਤ ਕੀਤਾ ਜਾ ਸਕਦਾ ਹੈ। ਇਹ ਕਦਮ ਉਨ੍ਹਾਂ ਦੇ ਕੰਮ ਅਤੇ ਵਿਹਾਰ ਦੇ ਆਧਾਰ ਉੱਤੇ ਜਨ-ਹਿਤ ਵਿੱਚ ਚੁੱਕਿਆ ਜਾਵੇਗਾ। ਕਿਸੇ ਵੀ ਸਰਕਾਰੀ ਮੁਲਾਜ਼ਮ ਨੂੰ ਅਯੋਗਤਾ ਦੇ ਆਧਾਰ ਉੱਤੇ ਆਮ ਤੌਰ ’ਤੇ ਸੇਵਾ ਮੁਕਤੀ ਨਹੀਂ ਦਿੱਤੀ ਜਾਂਦੀ। ਮੰਤਰਾਲੇ ਨੇ ਕਿਹਾ ਕਿ ਵੱਖ-ਵੱਖ ਵਿਭਾਗਾਂ ਨੂੰ ਸਮੇਂ ਅਜਿਹੇ ਲੋਕਾਂ ਦੀਆਂ ਸੇਵਾਵਾਂ ਦੀ ਘੋਖ ਕਰਨ ਅਤੇ ਇਹ ਦੱਸਣ ਨੂੰ ਕਿਹਾ ਜਾਂਦਾ ਹੈ ਕਿ ਉਹ ਸੇਵਾ ’ਚ ਕਾਇਮ ਰੱਖਣ ਦੇ ਯੋਗ ਹਨ ਜਾਂ ਨਹੀਂ। ਸਰਕਾਰ ਦਾ ਮੰਨਣਾ ਹੈ ਕਿ ਜਿਨਾਂ ਮੁਲਾਜ਼ਮਾਂ ਦਾ ਕੰਮ ਜਾਂ ਵਿਹਾਰ ਭ੍ਰਿਸ਼ਟ ਹੈ, ਉਨ੍ਹਾਂ ਨੂੰ ਸੇਵਾਮੁਕਤ ਕਰ ਦੇਣਾ ਚਾਹੀਦਾ ਹੈ। ਇਹ ਸਾਫ ਹੈ ਕਿ ਨਿਯਮਾਂ ਹੇਠ ਸਰਕਾਰੀ ਮੁਲਾਜ਼ਮਾਂ ਨੂੰ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਕੀਤਾ ਜਾਣਾ ਕੋਈ ਸਜ਼ਾ ਨਹੀਂ।

# ਡੋਮੀਨਿਕਾ ਦੇਸ਼ ਦਾ ਸਿਟੀਜਨ ਬਣ ਚੁੱਕਾ ਹੈ ਦਾਊਦ ਕਿ ਨਹੀਂ

*** ਡੋਮੀਨਿਕਾ ਨੇ ਕਿਹਾ: ਐਵੇਂ ਸਾਨੂੰ ਬਦਨਾਮ ਨਾ ਕਰੋ**



ਨਵੀਂ ਦਿੱਲੀ, 31 ਅਗਸਤ (ਪੋਸਟ ਬਿਊਰੋ)- ਮੰਨਿਆ ਜਾਂਦਾ ਸੀ ਕਿ 1993 ਦੇ ਮੁੰਬਈ ਧਮਾਕਿਆਂ ਦੇ ਗੁਨਾਹਗਾਰ ਤੇ ਭਾਰਤ ਦੇ ਅਤਿ ਲੋੜੀਂਦੇ ਅੱਤਵਾਦੀ ਦਾਊਦ ਇਬਰਾਹੀਮ ਨੇ ਕੈਰੇਬਿਆਈ ਦੇਸ਼ ਡੋਮੀਨਿਕਾ ਦੀ ਨਾਗਰਿਕਤਾ ਲੈ ਲਈ ਹੈ, ਪਰ ਡੋਮੀਨਿਕਾ ਸਰਕਾਰ ਨੇ ਇਸ ਦਾ ਖੰਡਨ ਕੀਤਾ ਹੈ।

ਡੋਮੀਨਿਕਾ ਸਰਕਾਰ ਨੇ ਕੱਲ੍ਹ ਕਿਹਾ ਕਿ ਦਾਊਦ ਇਬਰਾਹੀਮ ਨਾ ਕਦੀ ਉਸ ਦਾ ਨਾਗਰਿਕ ਰਿਹਾ ਹੈ ਅਤੇ ਨਾ ਕਿਸੇ ਹੋਰ ਤਰੀਕੇ ਉਸ ਦੀ ਨਾਗਰਿਕਤਾ ਲਈ ਹੈ। ਦਾਊਦ ਇਨਵੈਸਟਮੈਂਟ ਪ੍ਰੋਗਰਾਮ ਰਾਹੀਂ ਵੀ ਕਦੀ ਡੋਮੀਨਿਕਾ ਦਾ ਨਾਗਰਿਕ ਨਹੀਂ ਰਿਹਾ। ਕਿਸੇ ਵੀ ਮੀਡੀਆ ਜਾਂ ਵਿਅਕਤੀ ਵੱਲੋਂ ਏਦਾਂ ਦੀਆਂ ਖਬਰਾਂ ਫੈਲਾਉਣਾ ਪੂਰੀ ਤਰ੍ਹਾਂ ਗਲਤ ਹੈ। ਪਿਛਲੇ ਦਿਨੀਂ ਦਾਊਦ ਦਾ ਨਾਂਅ ਚਰਚਾ ਵਿੱਚ ਓਦੋਂ ਆਇਆ ਸੀ, ਜਦੋਂ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਕਾਲੀ ਸੂਚੀ ਵਿੱਚ ਜਾਣ ਤੋਂ ਬਚਣ ਲਈ ਪਾਕਿਸਤਾਨ ਨੇ 88 ਅੱਤਵਾਦੀ ਗਰੁੱਪਾਂ ਤੇ ਉਸ ਦੇ ਸਰਗਣਿਆਂ ਦੀ ਸੂਚੀ ਜਾਰੀ ਕਰਦੇ ਹੋਏ ਨਵੀਆਂ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਸੀ। ਇਸ ਵਿੱਚ ਕਰਾਚੀ ਦੇ ਪਤੇ ’ਤੇ ਰਹਿੰਦੇ ਦਾਊਦ ਦਾ ਵੀ ਨਾਂਅ ਸ਼ਾਮਲ ਸੀ। ਦਾਊਦ ਦੀ ਮੌਜੂਦਗੀ ਬਾਰੇ ਪਾਕਿਸਤਾਨ ਪਿਛਲੇ 27 ਸਾਲਾਂ ਤੋਂ ਮੁੱਕਰ ਰਿਹਾ ਸੀ, ਪਰ ਇਸ ਸੂਚੀ ਨੇ ਉਸ ਦੀ ਪੋਲ ਖੋਲ੍ਹ ਦਿੱਤੀ ਹੈ। ਭਾਰਤੀ ਸੁਰੱਖਿਆ ਏਜੰਸੀਆਂ ਦਾ ਕਹਿਣਾ ਸੀ ਕਿ ਦਾਊਦ ਅਲੱਗ-ਅਲੱਗ ਨਾਂਅ ਅਤੇ ਪਤੇ ਤੋਂ ਕਈ ਦੇਸ਼ਾਂ ਦੇ ਪਾਸਪੋਰਟ ਰੱਖਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਡੋਮੀਨਿਕਾ ਦਾ ਵੀ ਜ਼ਿਕਰ ਹੈ।

# ਭਾਰਤ ਦੀ ਟੈਲੀਕਾਮ ਇੰਡਸਟਰੀ ਉਤੇ ਸਿਰਫ ਦੋ ਕੰਪਨੀਆਂ ਦਾ ਦਬਦਬਾ ਗਲਤ

ਨਵੀਂ ਦਿੱਲੀ, 31 ਅਗਸਟ (ਪੋਸਟ ਬਿਊਰੋ)- ਭਾਰਤ ਦੇ ਟੈਲੀਕਾਮ ਉਦਯੋਗ ਦੀ ਕਮਾਈ ਵਿੱਚ ਚਾਲੂ ਸਾਲ (2020-21) ਵਿੱਚ 14 ਤੋਂ 15 ਫੀਸਦੀ ਦਾ ਵਾਧਾ ਹੋਣ ਦੀ ਆਸ ਹੈ। ਇਸ ਦੌਰਾਨ ਟੈਲੀਕਾਮ ਕੰਪਨੀਆਂ ਦੇ ਸੰਗਠਨ ਸੈਲੂਲਰ ਆਪ੍ਰੇਟਰਜ਼ ਐਸੋਸੀਏਸ਼ਨ ਆਫ ਇੰਡੀਆ (ਸੀ ਓ ਏ ਆਈ) ਨੇ ਇਹ ਅਨੁਮਾਨ ਲਾਇਆ ਹੈ।

ਸੀ ਓ ਏ ਆਈ ਨੇ ਕਿਹਾ ਕਿ ਆਪ੍ਰੇਟਰ ਦੀ ਪ੍ਰਤੀ ਗਾਹਕ ਔਸਤ ਕਮਾਈ (ਏ ਆਰ ਪੀ ਯੂ) ਕੁਝ ਵਧੀ ਹੈ, ਜਿਸ ਨਾਲ ਉਨ੍ਹਾਂ ਦੀ ਆਮਦਨ ਵਿੱਚ ਵਾਧੇ ਦੀ ਉਮੀਦ ਹੈ। ਵਿੱਤੀ ਸਾਲ ਦੌਰਾਨ ਮੋਬਾਈਲ ਕੁਨੈਕਸ਼ਨਾਂ ਦੀ ਗਿਣਤੀ ਪਹਿਲਾਂ ਦੇ ਪੱਧਰ ਉੱਤੇ ਬਣੇ ਰਹਿਣ ਦਾ ਅਨੁਮਾਨ ਹੈ। ਇਸ ਦੌਰਾਨ ਪੇਂਡੂ ਖੇਤਰਾਂ ਵਿੱਚ ਕੁਨੈਕਸ਼ਨਾਂ ਦੀ ਗਿਣਤੀ ਵਧੇਗੀ, ਜਿਸ ਨਾਲ ਸ਼ਹਿਰੀ ਖੇਤਰਾਂ ਵਿੱਚ ਗਾਹਕਾਂ ਦੀ ਗਿਣਤੀ ਵਿੱਚ ਕਮੀ ਦੀ ਪੂਰਤੀ ਹੋ ਸਕੇਗੀ।

ਸੀ ਓ ਏ ਆਈ ਦੇ ਨਵ-ਨਿਯੁਕਤ ਡਾਇਰੈਕਟੋਰੇਟ ਜਨਰਲ ਐਸ ਪੀ ਕੋਚਰ ਨੇ ਕਿਹਾ ਕਿ ਅਗਲੇ ਸਾਲ ਤੱਕ ਪ੍ਰਤੀ ਗਾਹਕ ਡਾਟਾ ਖਪਤ 12 ਤੋਂ ਵੱਧ ਕੇ 15 ਜੀ ਬੀ ਹੋ ਜਾਵੇਗੀ ਅਤੇ ਇਸ ਸਾਲ ਆਪ੍ਰੇਟਰਾਂ ਦੀ ਪ੍ਰਤੀ ਗਾਹਕ ਔਸਤ ਕਮਾਈ ਵਧੇਗੀ, ਪਰ ਵੇਖਣਾ ਹੋਵੇਗਾ ਕਿ ਇਸ ਵਿੱਚ ਜ਼ਿਕਰ ਯੋਗ ਵਾਧਾ ਹੁੰਦਾ ਹੈ ਜਾਂ ਨਹੀਂ।

ਉਨ੍ਹਾ ਕਿਹਾ ਕਿ ਮੌਜੂਦਾ 3-4 ਨਿੱਜੀ ਕੰਪਨੀਆਂ ਦੇ ਬਾਜ਼ਾਰ ਵਿੱਚ ਸਿਰਫ਼ ਦੋ ਕੰਪਨੀਆਂ ਦਾ ਦਬਦਬਾ ਹੋਣਾ ਚੰਗੀ ਸਥਿਤੀ ਨਹੀਂ। ਇਹ ਪੁੱਛੇ ਜਾਣ ਉੱਤੇ ਕਿ ਕੀ ਟੈਲੀਕਾਮ ਉਦਯੋਗ ਦੋ ਕੰਪਨੀਆਂ ਦੇ ਏਕ-ਅਧਿਕਾਰ ਜਾਂ ਦਬਦਬੇ ਦੀ ਸਥਿਤੀ ਵੱਲ ਵੱਧ ਰਿਹਾ ਹੈ, ਕੋਚਰ ਨੇ ਕਿਹਾ ਕਿ ਉਹ ਮੁਕਾਬਲੇਬਾਜ਼ੀ ਦੇ ਪੱਖ ਵਿੱਚ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਟੈਲੀਕਾਮ ਦਾ ਲਾਭ ਮਿਲਣਾ ਚਾਹੀਦਾ ਹੈ ਅਤੇ ਇਹ ਇੱਕ ਅਧਿਕਾਰ ਦੀ ਸਥਿਤੀ ਵਿੱਚ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਇਹ ਦੇਸ਼ ਦੇ ਹਿੱਤ ਵਿੱਚ ਹੋਵੇਗਾ ਕਿ ਇੱਕ ਅਧਿਕਾਰ ਦੀ ਸਥਿਤੀ ਨਾ ਬਣੇ। ਜ਼ਿਆਦਾ ਮੁਕਾਬਲੇਬਾਜ਼ੀ ਹੋਵੇਗੀ, ਤਾਂ ਖਪਤਕਾਰਾਂ ਨੂੰ ਬਿਹਤਰ ਮੁੱਲ ਉੱਤੇ ਬਿਹਤਰ ਸੇਵਾਵਾਂ ਉਪਲੱਬਧ ਕਰਾਈਆਂ ਜਾ ਸਕਣਗੀਆਂ।

**ਹਰਸਿਮਰਤ ਬਾਦਲ ਨੂੰ ਕੈਪਟਨ ਵੱਲੋਂ ਝਾੜ :**

# ਸੀ ਬੀ ਆਈ ਧਾਰਮਿਕ ਬੇਅਦਬੀ ਅਤੇ ਟਾਰਗੈਟ ਕਿਲਿੰਗ ਕੇਸ ਤਾਂ ਹੱਲ ਨਹੀਂ ਕਰ ਸਕੀ



ਜਲੰਧਰ, 31 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਦੀ ਮੰਤਰੀ ਤੇ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਵੱਲੋਂ ਵਜੀਫਾ ਘਪਲੇ ਦੀ ਸੀ ਬੀ ਆਈ ਜਾਂਚ ਦੀ ਮੰਗ ਉੱਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਇਸ ਏਜੰਸੀ ਦੇ ਸਟੇਟਸ ਨੂੰ ਹੋਰ ਹੇਠਾਂ ਡੇਗਣ ਦੀ ਕੋਸ਼ਿਸ਼ ਹੈ, ਜੋ ਪਹਿਲਾਂ ਹੀ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਵੇਲੇ ਕਾਫੀ ਹੇਠਾਂ ਆ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਹੋਣ ਦੇ ਨਾਤੇ ਹਰਸਿਮਰਤ ਕੌਰ ਬਾਦਲ ਨੂੰ ਪੰਜਾਬ ਦੇ ਹਿੱਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਪਰ ਉਹ ਆਪਣਾ ਸਮਾਂ ਐੱਨ ਡੀ ਏ ਗਠਜੋੜ ਵਿੱਚ ਆਪਣੇ ਸਿਆਸੀ ਆਕਾਵਾਂ ਨੂੰ ਪ੍ਰਸੰਨ ਕਰਨ ਵੱਲ ਲਾ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਵਜੀਫਾ ਘਪਲੇ ਸਬੰਧੀ ਸੀ ਬੀ ਆਈ ਜਾਂਚ ਦੀ ਮੰਗ ਕਰਨਾ ਨਾ ਸਿਰਫ ਪੰਜਾਬ ਦੀ ਪੁਲਸ ਫੋਰਸ ਅਤੇ ਪ੍ਰਸ਼ਾਸਨ ਵਿੱਚ ਭਰੋਸਾ ਨਾ ਕਰਨ ਦੇ ਬਰਾਬਰ ਹੈ, ਸਗੋਂ ਭਾਰਤ ਦੇ ਕਾਨੂੰਨੀ ਤੇ ਜੁਡੀਸ਼ਲ ਸਿਧਾਂਤਾਂ ਦੇ ਵੀ ਖ਼ਿਲਾਫ਼ ਹੈ, ਜਿਸ ਹੇਠ ਸਿਰਫ਼ ਸੂਬਾ ਸਰਕਾਰ ਹੀ ਠੀਕ ਸਮਝਣ ਉੱਤੇ ਸੀ ਬੀ ਆਈ ਜਾਂਚ ਦੀ ਮੰਗ ਕਰ ਸਕਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਸ ਵਿੱਚ ਹਰਸਿਮਰਤ ਦਾ ਕੋਈ ਸਟੈਂਡ ਨਹੀਂ ਅਤੇ ਉਹ ਸਿਰਫ ਸਿਆਸੀ ਡਰਾਮੇਬਾਜ਼ੀ ਤੇ ਬਿਆਨਬਾਜ਼ੀ ਕਰਕੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕਰਨਾ ਚਾਹੁੰਦੀ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਦੇ ਪ੍ਰਮੁੱਖ ਮਸਲਿਆਂ ਦਾ ਹਵਾਲਾ ਦੇਂਦਿਆਂ ਸੀ ਬੀ ਆਈ ਦੇ ਬੁਰੇ ਟ੍ਰੈਕ ਰਿਕਾਰਡ ਬਾਰੇ ਦੱਸਿਆ ਕਿ ਕੇਂਦਰੀ ਏਜੰਸੀ ਨੇ ਆਰ ਐਸ ਐਸ ਦੇ ਨੇਤਾ ਬ੍ਰਿਗੇਡੀਅਰ (ਸੇਵਾਮੁਕਤ) ਜਗਦੀਸ਼ ਕੁਮਾਰ ਗਗਨੇਜਾ ਦਾ ਕੇਸ ਵੀ ਅਜੇ ਤੱਕ ਹੱਲ ਨਹੀਂ ਕੀਤਾ, ਇਹ ਕੇਸ ਅਕਾਲੀ ਰਾਜ ਵੇਲੇ ਕੇਂਦਰੀ ਏਜੰਸੀ ਨੂੰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸੀ ਬੀ ਆਈ ਧਾਰਮਿਕ ਬੇਅਦਬੀ ਦੇ ਕੇਸਾਂ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ ਉੱਤੇ ਜਾਂਚ ਵਿੱਚ ਰੋੜੇ ਅਟਕਾ ਰਹੀ ਹੈ। ਜੇ ਹਰਸਿਮਰਤ ਕੌਰ ਬਾਦਲ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨਾ ਚਾਹੁੰਦੀ ਹੈ ਤਾਂ ਉਹ ਕੇਂਦਰ ਸਰਕਾਰ ਵਿੱਚ ਆਪਣੇ ਅਹੁਦੇ ਦੀ ਵਰਤੋਂ ਕਰਦਿਆਂ ਸੀ ਬੀ ਆਈ ਨੂੰ ਇਨ੍ਹਾਂ ਕੇਸਾਂ ਦੀਆਂ ਫਾਈਲਾਂ ਪੁਲਸ ਨੂੰ ਮੋੜਨ ਦਾ ਦਬਾਅ ਕਿਉਂ ਨਹੀਂ ਪਾਉਂਦੀ? ਮੁੱਖ ਮੰਤਰੀ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਬਾਰੇ ਹਰਸਿਮਰਤ ਕੌਰ ਤੇ ਉਨ੍ਹਾਂ ਦੀ ਪਾਰਟੀ ਨੇ ਕਦੇ ਵੀ ਕੇਂਦਰ ਉੱਤੇ ਦਬਾਅ ਨਹੀਂ ਪਾਇਆ, ਕਿਉਂਕਿ ਇਹ ਗ੍ਰਾਂਟਾਂ ਸੂਬੇ ਨੂੰ ਨਹੀਂ ਮਿਲਦੀਆਂ।

# ਕੁਝ ਲੋਕ ਚਾਹੁੰਦੇ ਸਨ ਕਿ ਮੈਨੂੰ ਬੰਨ੍ਹ ਕੇ ਅਕਾਲ ਤਖ਼ਤ ਵਿਖੇ ਪੇਸ਼ ਕੀਤਾ ਜਾਵੇ: ਢੱਡਰੀਆਂਵਾਲਾ



ਨਦਾਮਪੁਰ, 31 ਅਗਸਤ (ਪੋਸਟ ਬਿਊਰੋ)- ਗੁਰਦੁਆਰਾ ਪ੍ਰਮੇਸ਼ਰ ਦੁਆਰ ਸ਼ੇਖੂਪੁਰ (ਪਟਿਆਲਾ) ਵਿਖੇ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕੱਲ੍ਹ ਲਾਈਵ ਦੀਵਾਨ ਸਜਾਏ ਤਾਂ ਇਸ ਦੌਰਾਨ ਉਨ੍ਹਾਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕਰਦਿਆਂ ਕਿਹਾ ਕਿ ਮਨੁੱਖ ਨੂੰ ਗੁਰਬਾਣੀ ਪੜ੍ਹ ਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਭਾਈ ਢੱਡਰੀਆਂ ਵਾਲਿਆਂ ਨੇ ਅਜੋਕੇ ਹਾਲਾਤ ਬਾਰੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸਿਸਟਮ ਅਤੇ ਗੁਲਾਮੀ ਵਿੱਚੋਂ ਕੱਢ ਕੇ ਗੁਰੂ ਸਾਹਿਬਾਨ ਸਾਨੂੰ ਆਜ਼ਾਦ ਕਰਦੇ ਰਹੇ, ਪਰ ਸਾਡੇ ਵਾਲੇ ਆਗੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਨਾਂਅ ਵਰਤ ਕੇ ਪੰਥ ਦੇ ਠੇਕੇਦਾਰ ਬਣ ਗਏ ਅਤੇ ਜਿਸ ਨੂੰ ਚਾਹਿਆ ਪੰਥ ਵਿੱਚੋਂ ਕੱਢ ਦਿੱਤਾ ਤੇ ਜਿਸ ਨੂੰ ਚਾਹਿਆ ਰੱਖ ਲਿਆ। ਢੱਡਰੀਆਂ ਵਾਲਿਆਂ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਾਡੇ ਖ਼ਿਲਾਫ਼ ਸੁਣਾਏ ਫ਼ੈਸਲੇ ਦਾ ਟਕਸਾਲ ਤੇ ਵੱਡੇ-ਵੱਡੇ ਕਥਾ ਵਾਚਕਾਂ ਨੇ ਇਸ ਲਈ ਸਵਾਗਤ ਨਹੀਂ ਕੀਤਾ ਕਿ ਉਹ ਚਾਹੁੰਦੇ ਹਨ ਕਿ ਅਕਾਲ ਤਖ਼ਤ ਦੇ ਜਥੇਦਾਰ ਢੱਡਰੀਆਂ ਵਾਲਿਆਂ ਦੇ ਖ਼ਿਲਾਫ਼ ਅਜਿਹਾ ਫ਼ੈਸਲਾ ਲੈਣ ਕਿ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਅਕਾਲ ਤਖ਼ਤ ਵਿਖੇ ਪੇਸ਼ ਕੀਤਾ ਜਾਵੇ। ਉਹ ਇਹ ਵੀ ਚਾਹੁੰਦੇ ਹਨ ਕਿ ਢੱਡਰੀਆਂ ਵਾਲਾ ਕਿਸੇ ਵਿਸ਼ੇ ਉੱਤੇ ਬੋਲੇ ਨਾ ਅਤੇ ਜੇ ਬੋਲਿਆ ਤਾਂ ਫਿਰ ਖ਼ਾਲਸਾ ਨਜਿੱਠੇਗਾ। ਉਨ੍ਹਾਂ ਕਿਹਾ ਕਿ ਕਥਾ ਵਾਚਕ ਇਹ ਚਾਹੁੰਦੇ ਹਨ ਕਿ ਜਥੇਦਾਰ ਇਹ ਵੀ ਕਹਿਣ ਕਿ ਢੱਡਰੀਆਂ ਵਾਲਾ ਨਿੰਦਕ ਤੇ ਪੰਥ ਦੋਖੀ ਹੈ। ਢੱਡਰੀਆਂ ਵਾਲਾ ਨੇ ਕਿਹਾ ਕਿ ਅਸੀਂ ਭਾਵੇਂ ਕੱਲ੍ਹ ਦੇ ਜਵਾਕ ਹਾਂ, ਪਰ ਗੁਰਬਾਣੀ ਪੜ੍ਹ ਤੇ ਸਮਝ ਕੇ ਇੱਥੋਂ ਪਹੁੰਚੇ ਹਾਂ, ਜਦ ਕਿ ਜਥੇਦਾਰ ਤੇ ਟਕਸਾਲ ਵਾਲੇ ਕਿਸੇ ਹੋਰ ਦੇ ਸਹਾਰੇ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਅਕਾਲ ਤਖ਼ਤ ਤੋਂ ਦੂਰ ਹੋ ਕੇ ਅਤੇ ਟਕਸਾਲ ਵਾਲੇ ਟਕਸਾਲ ਤੋਂ ਹਟ ਕੇ ਵੇਖਣ ਕਿ ਉਹ ਕੀ ਹਨ।

# ਮੁੱਕੇਬਾਜ਼ ਗੁਰਸ਼ਰਨਪ੍ਰੀਤ ਕੌਰ ਵੱਲੋਂ ਦੁਖੀ ਹੋ ਕੇ ਕੁਸ਼ਤੀ ਅਤੇ ਦੇਸ਼ ਛੱਡਣ ਦੀ ਚੇਤਾਵਨੀ

ਤਰਨ ਤਾਰਨ, 31 ਅਗਸਤ (ਪੋਸਟ ਬਿਊਰੋ)- ਇਸੇ ਸਾਲ ਫਰਵਰੀ ’ਚ ਨਵੀਂ ਦਿੱਲੀ ’ਚ ਸੀਨੀਅਰ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੀ ਮਹਿਲਾ ਕੁਸ਼ਤੀ ਖਿਡਾਰਨ ਗੁਰਸ਼ਰਨ ਪ੍ਰੀਤ ਕੌਰ ਨੇ ਰਾਜ ਸਰਕਾਰ ਦੇ ਵਿਹਾਰ ਤੋਂ ਤੰਗ ਆ ਕੇ ਕੁਸ਼ਤੀ ਤੇ ਦੇਸ਼ ਛੱਡਣ ਦੀ ਚਿਤਾਵਨੀ ਦਿੱਤੀ ਹੈ।

ਫੇਸਬੁਕ ’ਤੇ ਲਾਈਵ ਹੋ ਕੇ ਗੁਰਸ਼ਰਨਪ੍ਰੀਤ ਕੌਰ ਨੇ ਦੋਸ਼ ਲਾਇਆ ਕਿ ਉਸ ਦੀ ਜ਼ਮੀਨ ’ਤੇ ਰਿਸ਼ਤੇਦਾਰ ਕਬਜ਼ਾ ਕਰ ਰਹੇ ਹਨ। ਇਹ ਮਾਮਲਾ 20 ਦਿਨ ਪਹਿਲਾਂ ਪੁਲਸ ਕੋਲ ਗਿਆ ਸੀ, ਪਰ ਪੁਲਸ ਨੇ ਕਾਰਵਾਈ ਨਹੀਂ ਕੀਤੀ। ਇਸ ਦੇ ਨਾਲ ਹੀ ਉਸ ਨੇ ਪਰਿਵਾਰ ਦੀ ਸੁਰੱਖਿਆ ਲਈ ਗੁਹਾਰ ਵੀ ਲਾਈ ਹੈ। ਜਿਸ ਪੁਲਸ ਵਿਭਾਗ ਤੋਂ ਉਸ ਨੂੰ ਇਨਸਾਫ ਦੀ ਆਸ ਨਹੀਂ, ਉਸੇ ਵਿਭਾਗ ਵਿੱਚ ਉਹ ਸਬ ਇੰਸਪੈਕਟਰ ਵੀ ਹੈ। ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਵੜਿੰਗ ਮੋਹਨਪੁਰ ਦੀ ਗੁਰਸ਼ਰਨਪ੍ਰੀਤ ਕੌਰ ਦੇ ਪਿਤਾ ਦੀਦਾਰ ਸਿੰਘ ਦੀ 1997 ’ਚ ਮੌਤ ਹੋ ਚੁੱਕੀ ਹੈ। ਮਾਂ ਰਾਜਬੀਰ ਕੌਰ ਨੇ ਉਸ ਦਾ ਪਾਲਣ ਪੋਸ਼ਣ ਕੀਤਾ। ਉਸ ਦਾ ਛੋਟਾ ਭਰਾ ਕਰਨਜੀਤ ਸਿੰਘ ਹੈ। ਉਸ ਨੇ ਦੱਸਿਆ ਕਿ ਉਸ ਦੇ ਦਾਦਾ ਮਿਲਖਾ ਸਿੰਘ ਦੀ ਜ਼ਮੀਨ ਦੀ 2011 ਵਿੱਚ ਵੰਡ ਹੋਈ ਤਾਂ ਤੀਹ ਮਰਲੇ ਜ਼ਮੀਨ ਉਸ ਦੇ ਪਰਿਵਾਰ ਨੂੰ ਮਿਲੀ ਸੀ। ਇਸ ਵਿੱਚੋਂ 20 ਮਰਲੇ ਉਸ ਦੀ ਮਾਂ ਤੇ 10 ਮਰਲੇ ਉਸ ਦੇ ਭਰਾ ਦੇ ਨਾਂਅ ਹੈ। 2014 ਵਿੱਚ ਉਸ ਦੇ ਰਿਸ਼ਤੇਦਾਰਾਂ ਨੇ ਫਰਜ਼ੀ ਦਸਤਾਵੇਜ਼ਾਂ ਨਾਲ ਇਸ ਜ਼ਮੀਨ ਦੀ ਰਜਿਸਟਰੀ ਕਰਵਾ ਲਈ। ਵੀਹ ਦਿਨ ਪਹਿਲਾਂ ਜਦ ਉਹ ਆਪਣੀ ਮਾਂ ਤੇ ਭਰਾ ਨਾਲ ਉਕਤ ਜ਼ਮੀਨ ’ਤੇ ਕੰਧ ਬਣਾ ਰਹੀ ਸੀ ਤਾਂ ਉਕਤ ਲੋਕਾਂ ਨੇ ਉਨ੍ਹਾਂ ਨਾਲ ਗਾਲੀ ਗਲੋਚ ਕਰ ਕੇ ਕੰਮ ਰੁਕਵਾ ਦਿੱਤਾ। ਇਸ ਬਾਰੇ ਥਾਣਾ ਚੋਹਲਾ ਸਾਹਿਬ ਵਿਖੇ ਮਾਮਲਾ ਪੁੱਜਾ, ਪਰ ਕਾਰਵਾਈ ਨਹੀਂ ਹੋਈ। ਗੁਰਸ਼ਨਪ੍ਰੀਤ ਕੌਰ ਨੇ ਕਿਹਾ ਕਿ ਇਸ ਬਾਰੇ ਉਸ ਨੇ ਜੁਲਾਈ ’ਚ ਖਡੂਰ ਸਾਹਿਬ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੋਂ ਮਦਦ ਮੰਗੀ ਸੀ, ਪਰ ਕੋਈ ਜਵਾਬ ਨਹੀਂ ਮਿਲਿਆ।

# ਕੋਹਲੀ ਕੰਪਨੀ ਦਾ ਡੇਰਾ ਸਮੇਟਿਆ; ਸ਼੍ਰੋਮਣੀ ਕਮੇਟੀ ਨੇ ਕਮਰਿਆਂ ਨੂੰ ਤਾਲੇ ਲਾ ਕੇ ਸ਼ੁਰੂਆਤ ਕੀਤੀ

*** ਕੰਪਨੀ ਦੇ ਕਰਮਚਾਰੀ ਘਰੀਂ ਤੋਰੇ, ਸ਼੍ਰੋਮਣੀ ਕਮੇਟੀ ਦੇ ਮੋੜੇ**

ਅੰਮ੍ਰਿਤਸਰ, 31 ਅਗਸਤ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਡਿਟ ਕਰਨ ਵਾਲੀ ਪ੍ਰਾਈਵੇਟ ਕੰਪਨੀ, ਜਿਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਹਨ, ਦੇ ਸ਼੍ਰੋਮਣੀ ਕਮੇਟੀ ਕੰਪਲੈਕਸ ਵਿਚਲੇ ਦਫਤਰ ਬੰਦ ਕਰ ਦਿੱਤੇ ਗਏ ਅਤੇ ਕੰਪਨੀ ਨਾਲ ਸਬੰਧਤ ਕਰਮਚਾਰੀ ਘਰਾਂ ਨੂੰ ਭੇਜ ਦਿੱਤੇ ਗਏ ਹਨ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਦੇ ਕੇਸ ਦੀ ਜਾਂਚ ਰਿਪੋਰਟ ’ਚ ਇਸ ਕੰਪਨੀ ਨੂੰ ਵੀ ਦੋਸ਼ੀ ਦੱਸਿਆ ਗਿਆ ਹੈ। ਐਸ ਐਸ ਕੋਹਲੀ ਨਾਂਅ ਦੀ ਆਡਿਟ ਕੰਪਨੀ ਨੂੰ ਇਥੇ ਕੰਮ ਵਾਸਤੇ ਸ਼੍ਰੋਮਣੀ ਕਮੇਟੀ ਨੇ ਦਫਤਰ ਦਿੱਤਾ ਹੋਇਆ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕੁਝ ਕਰਮਚਾਰੀ ਵੀ ਦਿੱਤੇ ਗਏ ਸਨ। ਦਫਤਰ ’ਚ ਕੰਪਨੀ ਦੇ ਆਪਣੇ ਕਰਮਚਾਰੀ ਅਤੇ ਸ਼੍ਰੋਮਣੀ ਕਮੇਟੀ ਦੇ ਦਿੱਤੇ ਕਰਮਚਾਰੀ ਇਸ ਸਿੱਖ ਸੰਸਥਾ ਦੇ ਮਾਇਕ ਲੇਖੇ ਜੋਖੇ ਦਾ ਕੰਮ ਕਰਦੇ ਸਨ। ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਫੈਸਲੇ ਪਿੱਛੋਂ ਕੋਹਲੀ ਕੰਪਨੀ ਦੀਆਂ ਸੇਵਾਵਾਂ ਤੁਰੰਤ ਬੰਦ ਕਰ ਕੇ ਦਫਤਰ ਨੂੰ ਤਾਲਾ ਦਿੱਤਾ ਗਿਆ ਹੈ। ਕੰਪਨੀ ਨਾਲ ਸਬੰਧਤ ਕਰਮਚਾਰੀ ਵਾਪਸ ਚਲੇ ਗਏ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਦਿਤੇ ਕਰਮਚਾਰੀ ਆਪਣੇ ਦਫਤਰਾਂ ਵਿੱਚ ਚਲੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਮੀਤ ਸਕੱਤਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੇ ਫੈਸਲੇ ’ਤੇ ਅਮਲ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਕੋਹਲੀ ਕੰਪਨੀ ਦੇ ਦਫਤਰ ਨੂੰ ਤਾਲਾ ਮਾਰਿਆ ਹੈ। ਜਾਂਚ ਕਮੇਟੀ ਦੀ ਰਿਪੋਰਟ ’ਚ ਇਸ ਆਡਿਟ ਕੰਪਨੀ ’ਤੇ ਪਬਲੀਕੇਸ਼ਨ ਵਿਭਾਗ ਦਾ 2016 ਤੋਂ ਇੰਟਰਨਲ ਆਡਿਟ ਨਾ ਕਰਨ ਦਾ ਦੋਸ਼ ਲਾ ਕੇ ਕਿਹਾ ਗਿਆ ਹੈ ਕਿ ਆਡਿਟ ਲਗਾਤਾਰ ਹੁੰਦਾ ਤਾਂ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿੱਚੋਂ ਘੱਟ ਹੋਏ ਪਾਵਨ ਸਰੂਪਾਂ ਦਾ ਸਮੇਂ ਸਿਰ ਪਤਾ ਲੱਗ ਜਾਣਾ ਸੀ। ਮਿਲੇ ਵੇਰਵੇ ਮੁਤਾਬਕ ਕੋਹਲੀ ਕੰਪਨੀ 2009 ਤੋਂ ਇਸ ਸਿੱਖ ਸੰਸਥਾ ਦਾ ਆਡਿਟ ਕਰ ਰਹੀ ਹੈ, ਜਿਸ ਨੂੰ ਅੱਜ ਤੱਕ ਕਈ ਕਰੋੜ ਰੁਪਏ ਮਿਹਨਤਾਨਾ ਦਿੱਤਾ ਜਾ ਚੁੱਕਾ ਹੈ।

# ਬਾਂਦਰ ਜਾਂ ਤੋਤਾ ਘਰ ਵਿੱਚ ਰੱਖਣ ਉੱਤੇ ਹੋ ਸਕਦੀ ਹੈ ਸਜ਼ਾ

ਚੰਡੀਗੜ੍ਹ, 31 ਅਗਸਤ (ਪੋਸਟ ਬਿਊਰੋ)- ਜੇ ਕੋਈ ਵਿਅਕਤੀ ਪੰਛੀ ਜਾਂ ਜੰਗਲੀ ਜਾਨਵਰ ਘਰ ਵਿੱਚ ਪਾਲਤੂ ਜਾਨਵਰ ਦੇ ਤੌਰ ਉੱਤੇ ਰੱਖਦਾ ਹੈ ਤਾਂ ਇਹ ਉਸ ਨੂੰ ਸੀਖਾਂ ਪਿੱਛੇ ਪਹੁੰਚਾਵੇਗਾ। ਕਿਸੇ ਵੀ ਪੰਛੀ ਜਾਂ ਜੰਗਲੀ ਜਾਨਵਰ ਨੂੰ ਘਰ ਵਿੱਚ ਪਾਲਤੂ ਦੇ ਤੌਰ ਉੱਤੇ ਰੱਖਣਾ ਗੰਭੀਰ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਫ਼ਾਰੈਸਟ ਅਤੇ ਵਾਈਲਡ ਲਾਈਫ਼ ਡਿਪਾਰਟਮੈਂਟ ਨੇ ਇਸ ਸਬੰਧੀ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਹਨ। ਜੋ ਵਿਅਕਤੀ ਕਿਸੇ ਜੰਗਲੀ ਜਾਨਵਰ ਦੀ ਸੁਰੱਖਿਆ ਲਈ ਸ਼ਿਕਾਇਤ ਕਰੇਗਾ, ਉਸ ਦੀ ਪਛਾਣ ਲੁਕਾ ਕੇ ਰੱਖੀ ਜਾਵੇਗੀ ਤੇ ਉਸ ਵਿਅਕਤੀ ਨੂੰ ਡਿਪਾਰਟਮੈਂਟ ਸਨਮਾਨ ਵੀ ਦੇਵੇਗਾ। ਤੋਤਾ ਤਾਂ ਦੁਕਾਨਾਂ ਉੱਤੇ ਸ਼ਰੇਆਮ ਵਿਕਦਾ ਹੈ। ਸ਼ਾਇਦ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਤੋਤਾ ਵਾਈਲਡ ਬਰਡ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਨੂੰ ਘਰ ਵਿੱਚ ਪਾਲਤੂ ਪੰਛੀ ਵਜੋਂ ਨਹੀਂ ਰੱਖਿਆ ਜਾ ਸਕਦਾ। ਨਿਓਲ, ਕੱਛੂਕੁੰਮਾ, ਮੋਰ, ਬੱਤਖ ਅਤੇ ਸੱਪ ਵਰਗੇ ਜਾਨਵਰ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਬੰਦੀ ਬਣਾ ਕੇ ਰੱਖਣਾ ਗੰਭੀਰ ਜੁਰਮ ਹੈ।

## ਪਾਰਲੀਮੈਂਟ ਮੈਂਬਰ ਹੀ ਲੀਕ ਕਰ ਦਿੰਦੇ ਨੇ ਸੂਚਨਾਵਾਂ: ਡੋਨਾਲਡ ਟਰੰਪ



ਵਾਸ਼ਿੰਗਟਨ, 31 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਚੋਟੀ ਦੇ ਖੁਫੀਆ ਅਧਿਕਾਰੀ ਦਾ ਦਫਤਰ ਕੈਪੀਟੋਲ ਹਿੱਲ ਨੂੰ ਵਿਅਕਤੀਗਤ ਤੌਰ 'ਤੇ ਚੋਣ ਸੁਰੱਖਿਆ ਬਾਰੇ ਜਾਣਕਾਰੀਆਂ ਨਹੀਂ ਦੇਵੇਗਾ। ਇਹ ਗੱਲ ਕਾਂਗਰਸ ਨੂੰ ਦੱਸ ਦਿੱਤੀ ਗਈ ਹੈ। ਇਸ ਦਾ ਮਤਲਬ ਹੈ ਕਿ ਅਗਲੀ ਰਾਸ਼ਟਰਪਤੀ ਚੋਣ ਵਿੱਚ ਵਿਦੇਸ਼ੀ ਦਖਲ ਬਾਰੇ ਜਨਤਾ ਨੂੰ ਪਤਾ ਨਹੀਂ ਲੱਗੇਗਾ। ਇਸ ਫੈਸਲੇ ਨੇ ਪਾਰਲੀਮੈਂਟ ਮੈਂਬਰਾਂ ਦੀ ਚਿੰਤਾ ਵਧਾ ਦਿੱਤੀ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੇ ਖੁਫੀਆ ਡਾਇਰੈਕਟਰ ਜੋਹਨ ਰੈਟਕਲਿਫ ਦੇ ਇਸ ਫੈਸਲੇ ਨੂੰ ਸਹੀ ਕਿਹਾ ਹੈ। ਉਨ੍ਹਾ ਕਿਹਾ ਕਿ ਪ੍ਰਸ਼ਾਸਨ ਕਾਂਗਰਸ ਵੱਲੋਂ ਚੋਣ ਸੁਰੱਖਿਆ ਬਾਰੇ ਜਾਣਕਾਰੀਆਂ ਲੀਕ ਕਰਨ ਦੀਆਂ ਸੂਚਨਾਵਾਂ ਤੋਂ ਪਰੇਸ਼ਾਨ ਸੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾਵਾਂ ਲੀਕ ਕੀਤੀਆਂ, ਸਭ ਤੋਂ ਖਰਾਬ ਗੱਲ ਇਹ ਹੈ ਕਿ ਉਨ੍ਹਾਂ ਨੇ ਗਲਤ ਸੂਚਨਾਵਾਂ ਦਿੱਤੀਆਂ ਤੇ ਅਸੀਂ ਇਸ ਤੋਂ ਤੰਗ ਆ ਚੁੱਕੇ ਸੀ। ਉਂਜ ਟਰੰਪ ਨੇ ਇਹ ਗੱਲ ਸਾਬਤ ਕਰਨ ਲਈ ਕੋਈ ਵੇਰਵਾ ਨਹੀਂ ਦਿੱਤਾ। ਡੈਮੋਕ੍ਰੇਟ ਐਮ ਪੀਜ਼ ਨੇ ਰਾਸ਼ਟਰਪਤੀ ਦੇ ਇਸ ਬਿਆਨ ਦੀ ਨਿੰਦਾ ਕੀਤੀ ਹੈ। ਪ੍ਰਤੀਨਿਧੀ ਸਭਾ ਦੀ ਸਪੀਕਰ ਨੈਂਸੀ ਪੇਲੋਸੀ ਨੇ ਕਿਹਾ ਕਿ ਕਾਂਗਰਸ ਨੂੰ ਮਹੱਤਵ ਪੂਰਨ ਜਾਣਕਾਰੀ ਦੇਣਾ ਸੰਵਿਧਾਨਕ ਜ਼ਿੰਮੇਵਾਰੀ ਹੈ, ਜਿਸ ਦਾ ਛੱਡਿਆ ਜਾ ਰਿਹਾ ਹੈ। ਇਹ ਜਨਤਾ ਨਾਲ ਵੀ ਵਿਸ਼ਵਾਸਘਾਤ ਹੈ ਜਿਸ ਨੂੰ ਇਹ ਜਾਨਣ ਦਾ ਅਧਿਕਾਰ ਹੈ ਕਿ ਵਿਦੇਸ਼ੀ ਤਾਕਤਾਂ ਕਿਸ ਤਰ੍ਹਾਂ ਸਾਡੇ ਲੋਕਤੰਤਰ ਨੂੰ ਨੁਕਸਾਨ ਪੁਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

## ਹਿੰਦੂਆਂ, ਸਿੱਖਾਂ, ਈਸਾਈਆਂ ਤੇ ਸਿੰਧੀਆਂ ਦੇ ਸਫਾਏ ਪਿਛੋਂ ਸ਼ੀਆ ਮੁਸਲਮਾਨ ਨਿਸ਼ਾਨਾ ਬਣੇ




ਇਸਲਾਮਾਬਾਦ, 31 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ ਓ ਕੇ) ਤੇ ਗਿਲਗਿਤ-ਬਾਲਤਿਸਤਾਨ ਇਲਾਕੇ ਵਿੱਚ ਅਕਸਰ ਪਾਕਿਸਤਾਨ ਦੀਆਂ ਨਾਪਾਕ ਹਰਕਤਾਂ ਦਾ ਪਤਾ ਲੱਗਦਾ ਰਹਿੰਦਾ ਹੈ। ਪਾਕਿਸਤਾਨ ਇਸ ਖੇਤਰ ਦੇ ਹਿੰਦੂਆਂ-ਸਿੱਖਾਂ ਅਤੇ ਈਸਾਈਆਂ-ਸਿੰਧੀਆਂ ਦਾ ਸਫਾਇਆ ਪਹਿਲਾਂ ਹੀ ਕਰ ਚੁੱਕਾ ਹੈ। ਇਨ੍ਹਾਂ ਤੋਂ ਬਾਅਦ ਅੱਜਕੱਲ੍ਹ ਸ਼ੀਆ ਮੁਸਲਮਾਨ ਨਿਸ਼ਾਨੇ ਉੱਤੇ ਹਨ।

ਮੀਡੀਆ ਦੀ ਇੱਕ ਰਿਪੋਰਟ ਅਨੁਸਾਰ ਪੀ ਓ ਕੇ ਅਤੇ ਗਿਲਗਿਤ-ਬਾਲਤਿਸਤਾਨ ਇਲਾਕੇ ਵਿੱਚ ਵੱਸਦੇ ਸ਼ੀਆ ਮੁਸਲਮਾਨਾਂ ਦੀ ਆਬਾਦੀ ਤੇਜ਼ੀ ਨਾਲ ਘਟ ਰਹੀ ਹੈ। ਪਾਕਿਸਤਾਨ ਪੀ ਓ ਕੇ ਅਤੇ ਗਿਲਗਿਤ-ਬਾਲਤਿਸਤਾਨ ਵਿੱਚ ਵੱਡੇ ਘਰਾਣਿਆਂ ਅਤੇ ਫੌਜ ਦੇ ਲੋਕਾਂ ਨੂੰ ਵਸਾ ਰਿਹਾ ਹੈ ਤਾਂ ਕਿ ਸ਼ੀਆ ਮੁਸਲਮਾਨਾਂ ਦਾ ਨਾਮੋ-ਨਿਸ਼ਾਨ ਮਿਟ ਜਾਵੇ। ਅੱਤਵਾਦ ਵਿਰੋਧੀ ਐਕਟ, ਕੁਫਰ ਦੇ ਕਾਨੂੰਨ ਅਤੇ ਹੋਰ ਕੌਮੀ ਸੁਰੱਖਿਆ ਕਾਨੂੰਨਾਂ ਰਾਹੀਂ ਪਾਕਿਸਤਾਨੀ ਫੌਜ ਅਤੇ ਆਈ ਐਸ ਆਈ ਲਗਾਤਾਰ ਇਸ ਇਲਾਕੇ ਦੀਆਂ ਘੱਟ ਗਿਣਤੀਆਂ ਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਪਾਕਿਸਤਾਨ ਸਰਕਾਰ ਪੀ ਓ ਕੇ ਅਤੇ ਗਿਲਗਿਤ-ਬਾਲਤਿਸਤਾਨ ਵਿੱਚ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ ਪੀ ਈ ਸੀ) ਲਈ ਕੰਮ ਕਰਦੇ ਮਜ਼ਦੂਰਾਂ ਨੂੰ ਲਗਾਤਾਰ ਓਥੇ ਵਸਾ ਰਹੀ ਹੈ। ਪੀ ਓ ਕੇ ਵਿੱਚ ਆਏ ਦਿਨ ਸੀ ਪੀ ਈ ਸੀ ਦੇ ਪ੍ਰਾਜੈਕਟਾਂ ਨੂੰ ਲੈ ਕੇ ਲੋਕਾਂ ਅੰਦਰ ਵਿਰੋਧ ਦੇਖਿਆ ਜਾਂਦਾ ਹੈ। ਉਥੇ ਹੁੰਦੇ ਪ੍ਰਦਰਸ਼ਨ ਕਦੇ-ਕਦੇ ਹਿੰਸਕ ਹੋ ਜਾਂਦੇ ਹਨ। ਪਾਕਿਸਤਾਨ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਰੋਕਣ ਲਈ ਅਣ-ਮਨੁੱਖੀ ਤਰੀਕਾ ਕੱਢਿਆ ਹੈ ਅਤੇ ਉਹ ਹੈ ਉਥੋਂ ਦੇ ਮੂਲ ਸ਼ੀਆ ਨਿਵਾਸੀਆਂ ਦਾ ਸਫਾਇਆ।

ਇੱਕ ਰਿਪੋਰਟ ਅਨੁਸਾਰ ਪਾਕਿਸਤਾਨ ਦੇ ਸ਼ੀਆ ਵਰਕਰ ਲਗਾਤਾਰ ਦਾਅਵਾ ਕਰਦੇ ਹਨ ਕਿ ਈਰਾਨ ਤੋਂ ਪਰਤਣ ਤੋਂ ਬਾਅਦ ਉਨ੍ਹਾਂ ਨੂੰ ਪਾਕਿ ਦੀ ਖੁਫੀਆ ਏਜੰਸੀ ਚੁੱਕ ਕੇ ਲੈ ਜਾਂਦੀ ਹੈ। ਕੁਫਰ ਦੇ ਦੋਸ਼ ਵਿੱਚ ਸਭ ਤੋਂ ਵੱਧ ਤਸ਼ੱਦਦ ਸ਼ੀਆ ਭਾਈਚਾਰੇ ਨੂੰ ਝੱਲਣਾ ਪੈਂਦਾ ਹੈ। ਇਹ ਤ੍ਰਾਸਦੀ ਹੈ ਕਿ ਚੀਨ ਅਤੇ ਇੱਕ ਵਰਗ ਦਾ ਦਬਦਬਾ ਰੱਖਣ ਲਈ ਪਾਕਿਸਤਾਨ ਆਪਣੇ ਹੀ ਲੋਕਾਂ ਨੂੰ ਮਾਰਨ ਵਿੱਚ ਕੋਈ ਗੁਰੇਜ਼ ਨਹੀਂ ਕਰ ਰਿਹਾ।

ਜਾਰਜ ਫਲਾਇਡ ਕੇਸ :

## ਬਚਾਅ ਪੱਖ ਦੇ ਵਕੀਲਾਂ ਵੱਲੋਂ ਕਤਲ ਦੇ ਦੋਸ਼ ਰੱਦ ਕਰਨ ਦੀ ਮੰਗ



ਸੈਕਰਾਮੈਂਟੋ, 31 ਅਗਸਤ (ਪੋਸਟ ਬਿਊਰੋ)- ਇੱਕ ਗੈਰ ਗੋਰੇ ਵਿਅਕਤੀ ਜਾਰਜ ਫਲਾਇਡ ਦੇ ਕੇਸ ਵਿੱਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਮਿਨੇਪੋਲਿਸ ਦੇ ਅਧਿਕਾਰੀ ਡੈਰਕ ਚੂਵਿਨ ਦੇ ਵਕੀਲਾਂ ਨੇ ਸੁਣਵਾਈ ਦੌਰਾਨ ਕਿਹਾ ਕਿ ਉਨ੍ਹਾਂ ਦਾ ਕਲਾਈਂਟ ਨਿਰਦੋਸ਼ ਹੈ। ਵਕੀਲਾਂ ਨੇ ਕਿਹਾ ਕਿ ਫਲਾਇਡ ਦੀ ਮੌਤ ਲਈ ਪੁਲਸ ਫੋਰਸ ਦੀ ਨਾਜਾਇਜ਼ ਵਰਤੋਂ ਜ਼ਿੰਮੇਵਾਰ ਨਹੀਂ, ਸਗੋਂ ਫਲਾਇਡ ਦੀ ਨਸ਼ੀਲੇ ਪਦਾਰਥ ਖਾਣ ਦੀ ਆਦਤ ਉਸ ਦੀ ਮੌਤ ਦਾ ਕਾਰਨ ਬਣੀ।

ਦੂਸਰੇ ਪਾਸੇ ਚੂਵਿਨ ਤੇ ਤਿੰਨ ਹੋਰ ਸਾਬਕਾ ਪੁਲਸ ਅਧਿਕਾਰੀਆਂ ਵਿਰੁੱਧ ਕੇਸ ਦੀ ਪੈਰਵਾਈ ਕਰ ਰਹੇ ਵਕੀਲਾਂ ਨੇ ਅਦਾਲਤ ਵਿੱਚ ਦਾਇਰ ਕੀਤੇ ਦਸਤਾਵੇਜ਼ਾਂ ਵਿੱਚ ਕਿਹਾ ਕਿ ਫਲਾਇਡ ਬੇਵੱਸ ਹੋ ਗਿਆ ਸੀ। ਉਸ ਦੇ ਹੱਥ ਬੱਧੇ ਹੋਏ ਸਨ ਤੇ ਉਸ ਨੂੰ ਜ਼ਮੀਨ ਉਪਰ ਪੁੱਠਾ ਲਿਟ 'ਕੇ ਅਧਿਕਾਰੀਆਂ ਨੇ ਜ਼ੁਲਮ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਦਸਤਾਵੇਜ਼ਾਂ ਵਿੱਚ ਵਕੀਲਾਂ ਨੇ ਕਿਹਾ ਹੈ ਕਿ ਫਲਾਇਡ ਨੇ ਮਿੰਨਤ ਕੀਤੀ ਕਿ ਉਹ ਸਾਹ ਨਹੀਂ ਲੈ ਸਕਦਾ ਤੇ ਇੱਕ ਚਸ਼ਮਦੀਦ ਗਵਾਹ ਨੇ ਵੀ ਇਹ ਕਿਹਾ ਕਿ ਉਸ ਨੂੰ ਛੱਡ ਦਿੱਤਾ ਜਾਵੇ, ਪਰ ਮੁੱਖ ਦੋਸ਼ੀ ਅਤੇ ਉਸ ਦੇ ਤਿੰਨ ਸਾਥੀਆਂ ਨੇ ਇੱਕ ਨਾ ਸੁਣੀ ਤੇ ਆਖ਼ਰ ਸਾਹ ਘੁੱਟਣ ਕਾਰਨ ਉਸ ਦੀ ਮੌਤ ਹੋ ਗਈ।

ਵਕੀਲਾਂ ਨੇ ਕਿਹਾ ਹੈ ਕਿ ਜੇ ਪੁਲਸ ਅਧਿਕਾਰੀ ਦੋਸ਼ੀ ਠਹਿਰਾ ਦਿੱਤੇ ਜਾਂਦੇ ਹਨ ਤਾਂ ਉਹ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਣ ਦੀ ਅਦਾਲਤ ਨੂੰ ਬੇਨਤੀ ਕਰਨਗੇ। ਚੂਵਿਨ ਤੋਂ ਇਲਾਵਾ ਬਾਕੀ ਤਿੰਨ ਪੁਲਸ ਅਧਿਕਾਰੀਆਂ ਵਿੱਚ ਜੇ. ਅਲੈਗਜੈਂਡਰ ਕੂਏਂਗ, ਥਾਮਸ ਲੇਨ ਅਤੇ ਟੋ ਥਾਓ ਸ਼ਾਮਲ ਹਨ। ਇਨ੍ਹਾਂ ਉੱਤੇ ਹੱਤਿਆ ਵਿੱਚ ਚੂਵਿਨ ਦੀ ਮਦਦ ਕਰਨ ਦੇ ਦੋਸ਼ ਲਾਏ ਗਏ ਹਨ। ਇਨ੍ਹਾਂ ਚਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ।

## ਡਾਇਨਾ ਆਪਣੇ ਪੁੱਤਰਾਂ ਦੇ ਟੁੱਟਦੇ ਰਿਸ਼ਤਿਆਂ ਨੂੰ ਜੋੜ ਸਕਦੀ ਹੈ


ਰਾਜਕੁਮਾਰੀ ਡਾਇਨਾ ਦੀ ਪੁੱਤਰਾਂ ਨਾਲ ਫਾਇਲ ਫੋਟੋ।

ਲੰਡਨ, 31 ਅਗਸਤ (ਪੋਸਟ ਬਿਊਰੋ)- ਬਰਤਾਨੀਆ ਦੀ ਸ਼ਹਿਜਾਦੀ ਡਾਇਨਾ ਦੇ 60ਵੇਂ ਜਨਮ ਦਿਨ ਮੌਕੇ ਅਗਲੇ ਸਾਲ ਕੈਂਗਸਟਿਨ ਮਹੱਲ ਵਿੱਚ ਉਨ੍ਹਾਂ ਦੀ ਯਾਦਗਾਰ ਦਾ ਇੱਕ ਬੁੱਤ ਲਾਇਆ ਜਾਣਾ ਹੈ, ਜਿਸ ਦਾ ਉਦਘਾਟਨ 21 ਜੁਲਾਈ ਨੂੰ ਹੋਵੇ-ਗਾ। ਇਸ ਬੁੱਤ ਨੂੰ ਡਿਊਕ ਆਫ ਕੈਂਬ੍ਰਿਜ਼ ਪ੍ਰਿੰਸ ਵਿਲੀਅਮ ਅਤੇ ਡਿਊਕ ਆਫ ਸੁਸੈਕਸ ਪ੍ਰਿੰਸ ਹੈਰੀ ਵੱਲੋਂ ਕੁਝ ਸਾਲ ਪਹਿਲਾਂ ਮਨਜ਼ੂਰੀ ਦਿੱਤੀ ਗਈ ਸੀ।

ਲੰਡਨ ਵਿਚਲਾ ਕੈਂਗਸਟਨ ਮਹੱਲ ਰਾਜਕੁਮਾਰੀ ਡਾਇਨਾ ਦੀ ਰਿਹਾਇਸ਼ ਹੁੰਦੀ ਸੀ। ਡਾਇਨਾ ਦਾ ਬੁੱਤ ਬਣਾਉਣ ਲਈ ਪ੍ਰਸਿੱਧ ਬੁੱਤਕਾਰ ਇਯਾਨ ਰੈਂਖ ਬਰਾਡਲੇ ਨੂੰ ਦਸੰਬਰ 2017 ਵਿੱਚ ਕਿਹਾ ਗਿਆ ਸੀ। ਉਨ੍ਹਾਂ ਨੇ ਕਾਮਨਵੈੱਲਥ ਦੇਸ਼ਾਂ ਦੇ ਸਿੱਕਿਆਂ ਉੱਤੇ ਛਪੀ ਬਰਤਾਨੀਆ ਦੀ ਮੌਜੂਦਾ ਮਹਾਰਾਣੀ ਐਲਿਜਾਬੈਥ ਦੀ ਤਸਵੀਰ ਬਣਾਈ ਸੀ। ਮੀਡੀਆ ਰਿਪੋਰਟਾਂ ਅਨੁਸਾਰ ਰਾਜਕੁਮਾਰੀ ਡਾਇਨਾ ਦਾ ਬੁੱਤ ਲਾਉਣ ਮੌਕੇ ਰਾਜਕੁਮਾਰ ਵਿਲੀਅਮ ਦੇ ਨਾਲ ਰਾਜਕੁਮਾਰ ਹੈਰੀ ਵੀ ਮੌਜੂਦ ਹੋਣ ਦੇ ਚਰਚੇ ਹਨ, ਜਿਸ ਨੂੰ ਦੋਵਾਂ ਭਰਾਵਾਂ ਦੇ ਟੁੱਟਦੇ ਰਿਸ਼ਤਿਆਂ ਨੂੰ ਮੁੜ ਜੋੜਨ ਦਾ ਮੌਕਾ ਕਿਹਾ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਡਾਇਨਾ ਦੀ 31 ਅਗਸਤ 1997 ਨੂੰ ਪੈਰਿਸ ਵਿੱਚ ਕਾਰ ਹਾਦਸੇ ਵਿੱਚ ਮੌਤ ਹੋ ਗਈ ਸੀ। ਓਦੋਂ ਪ੍ਰਿੰਸ ਵਿਲੀਅਮ 15 ਅਤੇ ਪ੍ਰਿੰਸ ਹੈਰੀ ਸਿਰਫ 13 ਸਾਲ ਦਾ ਸੀ, ਜਿਸ ਪਿੱਛੋਂ ਪ੍ਰਿੰਸ ਹੈਰੀ ਮਾਨਸਿਕ ਤਣਾਅ ਦਾ ਵੀ ਸ਼ਿਕਾਰ ਰਿਹਾ ਸੀ।

## ਜਾਪਾਨ ਤੇ ਅਮਰੀਕਾ ਸਮੁੰਦਰੀ ਮਾਰਗਾਂ ਦੀ ਸਥਿਤੀ ਨਹੀਂ ਬਦਲਣ ਦੇਣਗੇ



ਟੋਕਓ, 31 ਅਗਸਤ (ਪੋਸਟ ਬਿਊਰੋ)- ਦੱਖਣੀ ਤੇ ਪੂਰਬ ਚੀਨ ਸਾਗਰ ਦੇ ਵੱਡੇ ਸਮੁੰਦਰੀ ਮਾਰਗਾਂ ਦੀ ਸਥਿਤੀ ਜਾਪਾਨ ਅਤੇ ਅਮਰੀਕਾ ਕਿਸੇ ਸੂਰਤ ਵਿੱਚ ਬਦਲਣ ਨਹੀਂ ਦੇਣਗੇ। ਦੋਵੇਂ ਦੇਸ਼ ਮਿਲ ਕੇ ਚੀਨ ਦੀ ਮਨਮਾਨੀ ਦਾ ਵਿਰੋਧ ਕਰਨਗੇ। ਦੋਨਾਂ ਦੇਸ਼ਾਂ ਨੂੰ ਉਮੀਦ ਹੈ ਕਿ ਇਸ ਮਾਮਲੇ ਵਿੱਚ ਅੰਤਰਰਾਸ਼ਟਰੀ ਭਾਈਚਾਰਾ ਉਨ੍ਹਾਂ ਦਾ ਸਾਥ ਦੇਵੇਗਾ। ਜਾਪਾਨੀ ਰੱਖਿਆ ਮੰਤਰੀ ਤਾਰੋ ਕੋਨੋ ਨੇ ਇਸ ਬਾਰੇ ਅਮਰੀਕੀ ਰੱਖਿਆ ਮੰਤਰੀ ਮਾਰਕ ਐਸਪਰ ਨਾਲ ਆਪਣੀ ਰਾਏ ਸਾਂਝੀ ਕੀਤੀ। ਇਹ ਗੱਲਬਾਤ ਉਦੋਂ ਹੋਈ ਹੈ, ਜਦੋਂ ਅਮਰੀਕਾ ਅਤੇ ਚੀਨ ਕਈ ਮੁੱਦਿਆਂ ਉੱਤੇ ਆਪਸ ਵਿੱਚ ਭਿਵੇ ਹੋਏ ਹਨ।

ਵਰਨਣ ਯੋਗ ਹੈ ਕਿ ਚੀਨ ਅਤੇ ਜਾਪਾਨ ਦੇ ਰਿਸ਼ਤਿਆਂ ਵਿੱਚ ਤਲਖੀ ਦਾ ਵੱਡਾ ਕਾਰਨ ਪੂਰਬੀ ਚੀਨ ਸਾਗਰ ਵਿੱਚ ਕੁਝ ਛੋਟੇ ਦੀਪਾਂ ਉੱਤੇ ਜਾਪਾਨ ਦੇ ਕੰਟਰੋਲ ਦਾ ਹੋਣਾ ਹੈ। ਚੀਨ ਉਨ੍ਹਾਂ ਦੀਪਾਂ ਨੂੰ ਆਪਣਾ ਦੱਸਦਾ ਹੈ। ਐਸਪਰ ਨੇ ਕਿਹਾ ਕਿ ਅਮਰੀਕਾ-ਜਾਪਾਨ ਸੁਰੱਖਿਆ ਸੰਧੀ ਇਨ੍ਹਾਂ ਦੀਪਾਂ ਨੂੰ ਕਵਰ ਕਰਦੀ ਹੈ। ਅਮਰੀਕਾ ਲੰਬੇ ਸਮੇਂ ਤੋਂ ਇਸ ਖੇਤਰ ਵਿੱਚ ਚੀਨ ਦੀ ਦਾਦਾਗਿਰੀ ਦਾ ਵਿਰੋਧ ਕਰ ਹੈ ਅਤੇ ਨਿਯਮਿਤ ਰੂਪ ਤੋਂ ਆਪਣੇ ਜੰਗੀ ਜਹਾਜ਼ ਭੇਜਦਾ ਰਹਿੰਦਾ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ:
416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੁਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW



AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com


CANOPY
TOWERS
Canopy Towers - Building A
Exterior Rendering - Dusk View by Liberty Development
NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy
Residential
Commercial
Investment
Century 21
President Realty Inc
Brokerage*
Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

